

# ਨੀਲਾ ਆਸਮਾਨ ਤੇ ਬਾਹਰੋਂ ਆਇਆ ਆਦਮੀ

ਚਰਨ ਸਿੰਘ

# ਨੀਲਾ ਆਸਮਾਨ
# ਤੇ
# ਬਾਹਰੋਂ ਆਇਆ ਆਦਮੀ

(ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Neela Asman
# Te
# Bahron Aia Admi

*(A Collecton of Small Poems )*

By : CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com

©

Edition : 2016

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 27855056

---

**ਨੀਲਾ ਆਸਮਾਨ ਤੇ ਬਾਹਰੋਂ ਆਇਆ ਆਦਮੀ** (ਕਾਵਿ ਸੰਗ੍ਰਹਿ),
ਸ਼ਾਇਰ : **ਚਰਨ ਸਿੰਘ**
**ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ**
**ਛਾਪਕ** : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੋਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਮਹਿਮਾ (ਕਾਵਿ-ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ-ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ-ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)
(14) ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

# ਵਿਸ਼ਵ ਸ਼ਾਂਤੀ ਨੂੰ ਸਮੱਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੌਂਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੇ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ-2015
* ਕਵਿਤਾ ਦੀ ਆਬਸ਼ਾਰ (ਚੋਣਵੀਂ ਕਵਿਤਾ)- ਪ੍ਰਮਿੰਦਰਜੀਤ-2015
* Beyond the horizon (Poetry in English) Tanslator : Krishan Bector-2016
* ਕੁਕਨੂਸ (ਕਾਵਿ-ਸੰਗ੍ਰਹਿ)-2016

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਬ੍ਰਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਪੱਤੇ ਦੀ ਜੂਨ
2 ਕਤਰਾ ਕਤਰਾ
3. ਮਿੱਟੀ ਤੇ ਸਮਾਂ
4. ਅਬਲਾ ਤੇ ਤਲਵਾਰ
5. ਜਮਾਂਦਰੂ ਹੱਕ
6. ਚਿਹਰਾ ਤੇ ਜੰਗਲ
7. ਪੱਥਰ ਦੀ ਦੁਨੀਆਂ
8. ਉਦਾਸ ਦਿਨ
9. ਵਿੱਥ
10. ਦੌੜ
11. ਦਰਪਣ ਤੇ ਚਿਹਰਾ
12. ਪੈਰ ਤੇ ਰਾਹ
13. ਦੁਨੀਆਂ ਦੀ ਗਲੀ
14. ਨੀਹਾਂ
15. ਸਵੈ-ਤਰਜੀਹ
16. ਅੱਖਾਂ ਦਾ ਸਫ਼ਰ
17. ਸ਼ਾਹ ਸਵਾਰ
18. ਸਮਾਂ
19. ਪੈਰ ਤੁਰੇ ਹਨ
20. ਧਰਮ ਤੇ ਨਵੀਨਤਾ
21. ਪ੍ਰਛਾਵੇਂ ਦਾ ਸੱਚ
22. ਤੇਰੀ ਮੇਰੀ ਕੈਦ
23. ਮੀਲ ਪੱਥਰ ਦਾ ਸਫ਼ਰ
24. ਪੜਾਅ
25. ਭੁਲੇਖਾ
26. ਘਰ ਦਾ ਆਸਰਾ
27. ਮੈਂ ਨਹੀਂ ਜਾਣਦਾ
28. ਪੱਥਰ ਪੈਰ ਪੱਥਰ ਰਾਹ
29. ਮਰਨ ਤੋਂ ਪਹਿਲਾਂ

## ਪੱਤੇ ਦੀ ਜੂਨ

ਹੁਣ ਮੈਂ ਤੇਰੀ ਦੇਹ 'ਚ
ਤੇਰੀ ਹੋਂਦ ਦਾ ਅਹਿਸਾਸ ਧਰਿਆ ਹੈ
ਤੇਰੀ ਮੈਂ ਨੂੰ
ਤੂੰ ਦੇ ਸੱਚ ਨਾਲ ਭਰਿਆ ਹੈ
ਹੁਣ ਤੂੰ ਜੋ ਵੀ ਕਦਮ ਪੁੱਟੇਂ
ਜਿਸ ਵੀ ਅੱਖ 'ਚ ਤੱਕੇਂ
ਆਪਣੀਆਂ ਮੁਸਕਾਣਾਂ
ਜਿਸ ਵੀ ਤਲੀ 'ਤੇ ਰੱਖੇਂ
ਤਾਂ ਸੋਚੇਂ
ਤੇਰੀ ਅਭੀਵਿਅਕਤੀ ਨੂੰ
ਕੋਈ ਸਵੀਕਾਰਦਾ ਵੀ ਹੈ
ਤੇਰੀ ਮੈਂ ਨੂੰ
ਕੋਈ ਆਪਣੀ ਤੂੰ 'ਚ ਉਤਾਰਦਾ ਵੀ ਹੈ

-0-

ਤੇਰੀਆਂ ਨਜ਼ਰਾਂ ਕਦਮਾਂ
ਮੁਸਕਾਣਾਂ ਦੇ ਸ਼ਬਦਾਂ ਚੋਂ
ਅਰਥ ਉੱਗਣਗੇ
ਜੋ ਤੂੰ ਅੱਖੀਆਂ 'ਚ ਤੱਕਣ
ਪੈਰ ਪੁੱਟਣ ਤੇ ਮੁਸਕਾਣਾਂ
ਵੰਡਣ ਲੱਗਿਆਂ
ਆਪਣੇ ਦਿਲ ਦੀ ਧਰਤੀ ਤੇ
ਬੀਜੇ ਸਨ
ਤੇ ਹਵਾਵਾਂ 'ਚ ਉੱਗਾਏ ਸਨ

-0-

ਇਹ ਸਫ਼ਰ
ਤੈਨੂੰ ਸ਼ਬਦਾਂ ਤੋਂ
ਅਰਥਾਂ ਤਕ ਲੈ ਜਾਵੇਗਾ
ਤੇਰਾ ਵਾਅਦਾ ਤੇਰਾ ਫਰੇਬ
ਤੈਨੂੰ ਸ਼ਬਦਾਂ ਤੋਂ ਅਰਥ ਹੋਏ
ਵਜ਼ੂਦ ਚੋਂ ਨਜ਼ਰ ਆਏਗਾ
ਤੇਰੀ ਨਜ਼ਰ ਤੋਂ
ਚੇਤਨਾ ਤੀਕਣ ਫੈਲ ਜਾਏਗਾ
ਤੇਰੀ ਆਤਮਾਂ ਚੋਂ ਪੁੰਗਰੇਗਾ
ਤੇਰੇ ਚੇਹਰ਼ੇ ਤੇ ਉੱਗ ਆਏਗਾ

-0-

ਕਦਮ ਪੁੱਟਣ ਤੋਂ ਪਹਿਲਾਂ
ਜਿਸ ਰਾਹ ਤੇ ਧਰਨਾ ਹੈ
ਉਸ ਰਾਹ 'ਚ ਵਿਚਰੇਂਗਾ
ਅੱਖ੍ਹਾਂ 'ਚ ਤੱਕਣ ਤੋਂ ਪਹਿਲਾਂ
ਤੱਕਣੀ ਸਵੀਕਾਰ ਦੀਆਂ
ਅੱਖ੍ਹਾਂ ਦਾ ਸੱਚ ਜਾਣੇਂਗਾ
ਮੁਸਕਾਣਾਂ ਵੰਡਣ ਤੋਂ ਪਹਿਲਾਂ
ਮੁਸਕਾਣਾਂ ਦਾ ਅਸਰ ਪਹਿਚਾਣੇਂਗਾ
ਫਿਰ ਤੈਨੂੰ
ਅਭੀਵਿਅਕਤੀ ਤੇ ਸਵੀਕਾਰਤਾ ਦਾ ਸੱਚ
ਸਮਝ ਆਵੇਗਾ
ਤੇਰਾ ਸ਼ਬਦ ਹੀ ਅਰਥ
ਤੇਰਾ ਅਰਥ ਹੀ
ਤੇਰਾ ਸੱਚ ਹੋ ਜਾਏਗਾ

-0-

ਇਹ ਫੈਸਲਾ ਤੇਰਾ ਹੈ
ਤੂੰ ਪੁੰਗਰਦੇ ਝੂਠ ਨਾਲ ਤੁਰਨਾ ਹੈ
ਜਾਂ ਚਿਹਰੇ ਤੇ ਉੱਗੇ
ਅਰਥਾਂ ਦੀ ਛਾਂ ਹੇਠ ਬਹਿਣਾ ਹੈ
ਇਕ ਪੱਤੇ ਦੀ ਜੂਨ ਹੰਢਾਉਣੀ ਹੈ
ਜਾਂ ਜੰਗਲ ਦਾ ਸੱਚ ਕਹਾਉਣਾ ਹੈ

-0-

ਹੁਣ ਮੈਂ ਤੇਰੀ ਦੇਹ 'ਚ
ਤੇਰੀ ਹੋਂਦ ਦਾ ਅਹਿਸਾਸ ਧਰਿਆ ਹੈ
ਤੇਰੀ ਮੈਂ ਨੂੰ
ਤੂੰ ਦੇ ਸੱਚ ਨਾਲ ਭਰਿਆ ਹੈ
ਹੁਣ ਤੂੰ ਜੋ ਵੀ ਕਦਮ ਪੁੱਟੇਂ
ਜਿਸ ਵੀ ਅੱਖ 'ਚ ਤੱਕੇਂ
ਆਪਣੀਆਂ ਮੁਸਕਾਣਾਂ
ਜਿਸ ਵੀ ਤਲੀ ਤੇ ਰੱਖੇਂ
ਤਾਂ ਸੋਚੇਂ
ਤੇਰੀ ਅਭੀਵਿਅਕਤੀ ਨੂੰ
ਕੋਈ ਸਵੀਕਾਰਦਾ ਵੀ ਹੈ
ਤੇਰੀ ਮੈਂ ਨੂੰ
ਕੋਈ ਆਪਣੀ ਤੂੰ 'ਚ
ਉਤਾਰਦਾ ਵੀ ਹੈ

----

# ਕਤਰਾ ਕਤਰਾ

ਮੈਂ ਚੁੱਲ੍ਹੇ 'ਚ ਬਲਦੀ ਅੱਗ
ਤੱਵੇ ਤੇ ਪੱਕਦੀ ਰੋਟੀ ਵੀ ਹਾਂ
ਕੂੰਨੀ 'ਚ ਰਿੱਝਦਾ ਮੇਰਾ ਹੀ ਵਜ਼ੂਦ ਹੈ
ਏਕੇ ਤੋਂ ਸਿਫ਼ਰਿਆਂ ਤਕ
ਸਿਫ਼ਰਿਆਂ ਤੋਂ ਏਕੇ ਤਕ
ਮੇਰਾ ਆਪਾ ਮੌਜ਼ੂਦ ਹੈ

–0–

ਮੇਰੀ ਮੁਸ਼ੱਕ਼ਤ ਹੈ
ਦਿਨ ਦਾ ਰਾਤ
ਰਾਤ ਦਾ ਦਿਨ 'ਚ ਢਲਣਾ
ਮੇਰੇ ਦਿਲ ਦੀ ਧੜਕਣ ਤੋਂ
ਲਹੂ ਦ਼ੀ ਗਤੀ ਤਕ ਜੋ ਕੁੱਝ ਵੀ ਹੈ
ਉਹ ਕਣਕ ਦੀ ਫ਼ਸਲ ਤੋਂ
ਪੱਕੀ ਰੋਟੀ ਤਕ ਦਾ ਸਫ਼ਰ ਹੈ
ਇਹ ਸਫ਼ਰ ਹੀ
ਜ਼ਿੰਦਗੀ ਦਾ ਪਹਿਲਾ ਤੇ
ਆਖ਼ਰੀ ਹਰਫ਼ ਹੈ
ਇਸ ਸਫ਼ਰ 'ਚ
ਪਲ ਪਲ ਮਰ ਕੇ ਜੀਅ ਰਿਹਾ ਹੈ
ਮੇਰੀ ਗਰਦਨ 'ਤੇ ਚਿਹਰਾ ਮੇਰਾ
ਦਾਇਰਿਆਂ ਦੀ ਭੀੜ 'ਚ ਬਿੰਦੂ ਮੇਰਾ

–0–

ਮੈਂ ਬੱਦਲ ਹਾਂ ਵਰਖਾ ਹਾਂ
ਧਰਤੀ ਹਾਂ ਖੇਤ ਹਾਂ
ਦਾਣੇ 'ਚ ਅੰਨ੍ਹ ਦਾ ਭੇਦ ਹਾਂ
ਮੈਂ ਬੀਜ ਤੋਂ ਫ਼ਸਲ
ਪੱਕਣ ਤਕ ਦੀ ਗਤੀ ਹਾਂ
ਖੇਤਾਂ 'ਚ ਬੀਜਿਆ
ਤੇ ਉੱਗਾਇਆ ਪਸੀਨਾਂ ਹਾਂ
ਜੇਠ ਹਾੜ੍ਹ ਦੀ ਧੁੱਪ
ਸਾਵਣ ਦਾ ਮਹੀਨਾ ਹਾਂ

-0-

ਮੈਂ ਪਤਨੀ ਦੀਆਂ ਅਧੂਰੀਆਂ
ਖਾਹਸ਼ਾਂ ਦਾ ਵਜ਼ੂਦ ਹਾਂ
ਬੱਚਿਆਂ ਦੀ ਭੁੱਖ
ਪਿਆਸ 'ਚ ਮੌਜ਼ੂਦ ਹਾਂ
ਮੈਂ ਊਰਜਾ ਦੇ ਰੂਪ 'ਚ
ਦੁਨੀਆਂ ਦੇ ਬਜ਼ਾਰਾਂ
ਤੇ ਮੰਡੀਆਂ 'ਚ
ਰੋਜ਼ ਵਿਕਦਾ ਹਾਂ
ਮੈਂ ਹਾਂ ਜੋ ਰੋਜ਼
ਆਪਣੇ ਹੀ ਪੁੜਾਂ 'ਚ ਪਿੱਸਦਾ ਹਾਂ
ਇਸ ਸਫ਼ਰ 'ਚ
ਪਲ ਪਲ ਮਰ ਕੇ ਜੀ ਰਿਹਾ ਹਾਂ
ਮੇਰੀ ਗਰਦਨ ਤੇ ਚਿਹਰਾਂ ਮੇਰਾ
ਦਾਇਰਿਆ ਦੀ ਭੀੜ 'ਚ ਬਿੰਦੂ ਮੇਰਾ

-0-

ਮੈਂ ਹਾਂ
ਜੋ ਲਹੂ ਚੋਂ ਨੁੱਚੜਦਾ ਹਾਂ
ਮੈਂ ਹਾਂ
ਜੋ ਦੌਲਤੀ ਖਜ਼ਾਨਿਆਂ 'ਚ
ਭਰਿਆ ਜਾਂਦਾ ਹਾਂ
ਕਈ ਵਾਰੀ ਸੜਕਾਂ
ਚੌਕਾਂ ਚੌਰਾਹਿਆਂ 'ਚ
ਵਿੱਕਣ ਲਈ ਧਰਿਆ ਜਾਂਦਾ ਹਾਂ
ਕੱਚ ਦਾ ਸ਼ਹਿਰ ਹਾਂ
ਮੋਮੀ ਲੋਕਾਂ 'ਚ ਗਿੜਦੀ ਰੱਤ ਹਾਂ
ਚੰਨਾਂ ਸੂਰਜਾਂ ਤਾਰਿਆਂ ਵਾਂਗ
ਝਿਲਮਿਲਾਉਂਦੀ
ਅਜੋਕੇ ਵਿਸ਼ਵ ਦੀ
ਜੰਗਲ ਚੀਰ ਕੇ ਸਿਰਜੀ ਛੱਤ ਹਾਂ

-0-

ਪਿੰਡਾਂ ਦੇ ਪਿੰਡਿਆਂ ਦਾ ਹਨ੍ਹੇਰ ਹਾਂ
ਰਾਤ ਦੀ ਸੁੱਤੀ ਭੁੱਖ ਹਾਂ
ਦਿਨੇ ਜਾਗਦੀ ਭੁੱਖੀ ਸਵੇਰ ਹਾਂ
ਮੈਂ ਕੱਚਿਆਂ ਕੋਠਿਆਂ ਦਾ
ਧੁੱਪਾਂ ਤੇ ਮੀਹਾਂ 'ਚ ਚੋਂਦਾ ਅਕਾਸ਼ ਹਾਂ
ਕਬਰ ਹੋਈ ਧਰਤ ਹਾਂ
ਜ਼ਿੰਦਗੀ ਨੂੰ 'ਵਾਜ਼ਾਂ ਮਾਰਦਾ
ਮੁਰਦਾ ਅਹਿਸਾਸ ਹਾਂ

-0-

ਮੈਂ ਮਨੁੱਖਤਾ ਦੀ ਨੰਗੀ ਕੰਡ ਹਾਂ
ਮੁਫ਼ਲਿਸੀ ਦੇ ਜਿਸਮ ਦੀ
ਪਰਤ-ਦਰ-ਉਹ ਪਰਤ ਹਾਂ
ਜਿਸ ਨੂੰ ਜੀਵਨ ਦੇ ਸ਼ਬਦ
ਸਵੀਕਾਰਦੇ ਨਹੀਂ
ਸ਼ਬਦੀ ਖੋਲ੍ਹ ਵਿਚਲਾ ਅਰਥ
ਪਹਿਚਾਣਦੇ ਨਹੀਂ
ਇਸ ਸਫ਼ਰ 'ਚ
ਪਲ ਪਲ ਮਰ ਕੇ ਜੀਅ ਰਿਹਾ ਹੈ
ਮੇਰੀ ਗਰਦਨ 'ਤੇ ਚਿਹਰਾ ਮੇਰਾ
ਦਾਇਰਿਆਂ ਦੀ ਭੀੜ 'ਚ ਬਿੰਦੂ ਮੇਰਾ

-0-

ਮੈਂ ਆਪ ਹੀ ਉੱਗਾ ਹਾਂ
ਆਪ ਹੀ ਰਿੱਝਿਆਂ ਤੇ ਪੱਕਿਆਂ ਹਾਂ
ਮੈਂ ਆਪ ਹੀ ਮਖ਼ਮਲ ਤੇ ਨੀਂਦਰ ਹਾਂ
ਆਪ ਹੀ ਫੁੱਟਪਾਥਾਂ ਤੇ ਨਜ਼ਰ ਆਇਆ ਹਾਂ
ਮੈਂ ਆਪ ਹੀ ਰਾਜੇ ਰੰਕ 'ਚ ਸਮਾਇਆ ਹਾਂ
ਮੈਂ ਆਪ ਹੀ ਆਪਣਾ
ਮੈਂ ਆਪ ਹੀ
ਆਪਣਾ ਪਰਾਇਆਂ ਹਾਂ

-0-

ਮੈਂ ਆਪਣੇ ਆਪ 'ਚ
ਤਕਸੀਮਿਆ
ਅਜੋਕਾ ਮਨੁੱਖ ਹਾਂ

ਫੁੱਲਾਂ ਫੱਲਾਂ ਨਾਲ ਲੱਦਿਆ
ਦਿੱਸਦਾ ਰੁੱਖ ਹਾਂ
ਨਾ ਆਪਣਾ ਫੱਲ ਚੱਖ਼ ਸਕਦਾ ਹਾਂ
ਨਾ ਆਪਣਾ ਆਪਾ
ਆਪਣੀ ਛਾਵੇਂ ਬਿਠਾ ਸਕਦਾ ਹਾਂ

-0-

ਸ਼ਭ ਨੂੰ ਗੁਲਜ਼ਾਰ ਦਿੱਸਦਾ ਹਾਂ
ਬਹਾਰ ਦਿੱਸਦਾ ਹਾਂ
ਪਰ ਆਪਣੇ ਆਪ 'ਚ
ਚੁੱਪ ਵੀਰਾਨ ਤੇ ਉਦਾਸ ਲੱਗਦਾ ਹਾਂ
ਮੈਂ ਸਭ ਦੇ ਕੋਲ ਹਾਂ
ਬਸ ਆਪਣੇ ਤੋਂ ਦੂਰ ਹਾਂ
ਇਕੱਲਤਾ ਹੈ ਮੇਰੇ ਦੁਆਲੇ
ਚੁੱਪ ਜਿਉਂਦੀ ਜਾਨ ਹਾਂ
ਬੋਲਾਂ ਤੇ ਸ਼ਬਦਾਂ ਦੀ
ਮੈਂ ਗੁੰਗੀ ਜ਼ੁਬਾਨ ਹਾਂ

-0-

ਮੇਰੇ 'ਚ ਮੇਰੇ ਲਈ
ਆਪਣਾ ਕੁੱਝ ਵੀ ਨਹੀਂ
ਨਾ ਅੱਥਰੂ ਹਾਸੇ
ਜ਼ਿੰਦਗੀ ਦਾ ਸ਼ਮਸ਼ਾਨ ਹੈ
ਮੇਰੇ ਹਰ ਪਾਸੇ
ਇਸ ਸਫ਼ਰ 'ਚ
ਪਲ ਪਲ ਮਰ ਕੇ ਜੀ ਰਿਹਾ ਹੈ

ਮੇਰੀ ਗਰਦਨ 'ਤੇ ਚਿਹਰਾ ਮੇਰਾ
ਦਾਇਰਿਆਂ ਦੀ ਭੀੜ 'ਚ ਬਿੰਦੂ ਮੇਰਾ

-0-

ਮੈਂ ਚੁੱਲ੍ਹੇ 'ਚ ਬਲਦੀ ਅੱਗ
ਤੱਵੇ ਤੇ ਪੱਕਦੀ ਰੋਟੀ ਵੀ ਹਾਂ
ਕੁੰਨੀ 'ਚ ਰਿੱਝਦਾ ਮੇਰਾ ਹੀ ਵਜ਼ੂਦ ਹੈ
ਏਕੇ ਤੋਂ ਸਿਫ਼ਰਿਆਂ ਤਕ
ਸਿਫ਼ਰਿਆਂ ਤੋਂ ਏਕੇ ਤਕ
ਮੇਰਾ ਆਪਾ ਮੌਜ਼ੂਦ ਹੈ

-----

# ਮਿੱਟੀ ਤੇ ਸਮਾਂ

ਵਕਤ ਦੇ ਚਿਹਰੇ 'ਤੇ
ਬੇਸ਼ੱਕ
ਸ਼ੀਸ਼ੇ ਦੇ ਸ਼ਹਿਰ ਉੱਗ ਆਏ ਹਨ
ਬੁੱਤਾਂ ਦੀਆਂ ਸੂਰਤਾਂ
ਨੈਣਾਂ ਨਕਸ਼ਾਂ ਦੀ ਨੁਹਾਰ
ਬਦਲ ਗਈ ਹੈ
ਪਰ ਪਿੱਠ ਤੇ ਅਜੇ ਵੀ
ਮਿੱਟੀ ਦੇ ਦੀਵਿਆਂ ਦੇ ਘਰ ਹਨ
ਕੰਧਾਂ ਤੇ
ਮਿੱਟੀ ਦੇ ਮੋਰ ਚਿੱੜੀਆਂ ਹਨ
ਚੌਕੇ 'ਚ
ਮਿੱਟੀ ਦੀਆਂ ਘੁੱਗੀਆਂ ਤੋਤੇ ਹਨ

–0–

ਮਿੱਟੀ ਖੁਰਦੀ ਨਹੀਂ ਭੁਰਦੀ ਨਹੀਂ
ਮਿੱਟੀ ਜਨਮਦੀ ਹੈ
ਆਪਣੀ ਕੁੱਖ ਚੋਂ
ਅਕਾਸ਼ ਸੂਰਜ ਚੰਨ ਤਾਰੇ
ਕੱਚ ਦੇ ਸ਼ਹਿਰ
ਮੋਮ ਦੇ ਲੋਕ
ਰੌਸ਼ਨੀਆਂ ਰੰਗ ਖੁਸ਼ਬੂਆਂ
ਤੇ ਰੌਣਕਾਂ

–0–

ਮਿੱਟੀ 'ਚੋਂ
ਸਭਿਆਤਾਵਾਂ ਜਨਮਦੀਆਂ ਹਨ
ਮਿੱਟੀ 'ਚ ਸਮਾਉਂਦੀਆਂ ਹਨ
ਸ਼ੀਸ਼ੇ ਦੇ ਸ਼ਹਿਰ
ਮੋਮ ਦੇ ਲੋਕ
ਮਿੱਟੀ ਚੋਂ ਜਨਮਦੇ ਹਨ
ਮਿੱਟੀ 'ਚ ਬਿਨਸਦੇ ਹਨ

-0-

ਪਰ ਮਿੱਟੀ
ਮਿੱਟੀ ਰਹਿੰਦੀ ਹੈ
ਨਾ ਆਪਣੀ
ਉਤਪੱਤੀ ਨਾਲ ਬਦਲਦੀ ਹੈ
ਨਾ ਆਪਣੀ
ਉਤਪਤੀ ਨਾਲ ਢਲਦੀ ਹੈ
ਨਾ ਆਪਣੀ
ਉਤਪੱਤੀ ਦੀ ਤੋਰ ਤੋਂ
ਪਿਛਾਂਹ ਰਹਿੰਦੀ ਹੈ
ਨਾ ਅੱਗੇ ਨਿਕਲਦੀ ਹੈ
ਲੋਕ-ਜੋਤ ਨਾਲ
ਦੀਵੇ ਦੀ ਦੇਹ ਹੋ ਬਲਦੀ ਹੈ
ਮਿੱਟੀ ਜਿਉਂਦੀ ਹੈ
ਸੰਤੋਖ ਵੀ ਸਬਰ ਵੀ
ਮਿੱਟੀ ਹੰਢਾਉਂਦੀ ਹੈ
ਜ਼ਿੰਦਗੀ ਦਾ ਚਿਹਰਾ ਵੀ
ਦੇਹ ਦੀ ਕਬਰ ਵੀ

-0-

ਮਿੱਟੀ ਦੀ ਉਤਪੱਤੀ ਦੀ
ਤਾਸੀਰ ਜਾਂ ਜ਼ਮੀਰ
ਮਿੱਟੀ ਤੋਂ ਕਿੰਨੀ ਵੀ ਵਿਪਰੀਤ ਹੋਵੇ
ਉਸਦੇ ਅੰਗ ਨਕਸ਼
ਕਿੰਨੇ ਵੀ ਮਿੱਟੀ ਤੋਂ ਅਲੱਗ ਹੋਣ
ਉਨ੍ਹਾਂ ਦੇ ਆਦਿ ਤੋਂ ਪਹਿਲਾਂ
ਅੰਤ ਤੋਂ ਪਿੱਛੋਂ
ਬਸ ਮਿੱਟੀ ਦਾ ਵਜ਼ੂਦ ਹੈ
ਸਿਰਜਣ ਤੇ ਬਿਨਸਣ 'ਚ
ਮਿੱਟੀ ਦਾ ਸੱਚ ਸਦਾ ਮੌਜ਼ੂਦ ਹੈ

-0-

ਤਾਂ ਹੀ ਤਾਂ
ਸਮੇਂ ਦੀ ਕੰਡ 'ਤੇ
ਮਿੱਟੀ ਦੇ ਦੀਵਿਆਂ ਦੇ ਘਰ ਹਨ
ਕੰਧਾਂ ਤੇ
ਮਿੱਟੀ ਦੇ ਮੋਰ ਚਿੱੜੀਆਂ ਹਨ
ਚੌਕੇ 'ਚ
ਮਿੱਟੀ ਦੀਆਂ ਘੁੱਗੀਆਂ ਤੋਤੇ ਹਨ
ਮਿੱਟੀ ਦੇ ਚੁੱਲ੍ਹੇ 'ਚ
ਮਿੱਟੀ ਬਲਦੀ ਹੈ
ਮਿੱਟੀ ਦੀ ਕੁੰਨੀ 'ਚ
ਮਿੱਟੀ ਰਿੱਝਦੀ ਹੈ
ਆਪਣੀ ਕੁੱਖ ਦੇ ਵਿਸਥਾਰ ਦਾ
ਮਿੱਟੀ
ਮਿੱਟੀ ਸੰਗ ਪੇਟ ਭਰਦੀ ਹੈ

-0-

ਮਿੱਟੀ ਦੀ ਉਤਪੱਤੀ
ਭਾਵੇਂ ਮਿੱਟੀ ਨੂੰ
ਵਿਸਾਰ਼ ਦਿੰਦੀ ਹੈ
ਮਿੱਟੀ ਨੂੰ
ਆਪਣੀ ਉਤਪੱਤੀ
ਹਮੇਸ਼ਾ ਯਾਦ ਰਹਿੰਦੀ ਹੈ
ਕਿਉਂਕਿ
ਮਿੱਟੀ ਵਕਤ ਦੀ ਮਾਂ ਹੈ
ਵਕਤ ਤੇ ਚਿਹਰੇ 'ਤੇ
ਬੇਸ਼ੱਕ ਸ਼ੀਸ਼ੇ ਦੇ ਸ਼ਹਿਰ ਉੱਗੇ ਹਨ
ਵਕਤ ਬੇਸ਼ੱਕ ਬਦਲਿਆ ਲੱਗਦਾ ਹੈ
ਵਕ਼ਤ ਦੀ ਜਨ਼ਮ ਭੂਮੀ ਤੇ
ਅਜੇ ਵੀ ਮਿੱਟੀ ਦਾ
ਚਿਰਾਗ਼ ਜਗਦਾ ਹੈ

----

# ਅਬਲਾ ਤੇ ਤਲਵਾਰ

ਹੁਣ ਨਹੀਂ ਰਹਿਣਾ
ਮੈਂ ਸਰਦਲ ਦੇ ਅੰਦਰ ਤੇਰੇ ਘਰ
ਤੇਰੇ ਚੁੱਲ੍ਹੇ 'ਚ ਬਲਣ ਲਈ
ਤੈਨੂੰ ਨਿੱਘਿਆਂ ਕਰਨ ਲਈ
ਆਪਣੇ ਆਪ ਠਰਨ ਲਈ

-0-

ਤੇਰੀ
ਘੜਵੰਜੀ ਦਾ ਜਾਲ
ਕੂੰਨੀ 'ਚ ਰਿੱਝਦੀ ਦਾਲ
ਤੱਵੇ ਤੇ ਸੜਦਾ ਅੰਨ੍ਹ
ਨਹੀਂ ਹਾਂ ਮੈਂ
ਮੈਂ ਤਾਂ
ਸਾਗਰਾਂ ਦਾ ਉਬਾਲ ਹਾਂ
ਜੋ ਆਇਆ
ਤਾਂ ਨਾ ਰੁੱਖ ਜੰਗਲ ਪੰਛੀ
ਆਲ੍ਹਣੇ ਰਹਿਣਗੇ
ਤੈਨੂੰ ਆਪਣੀ ਮਰ੍ਦਾਨਗੀ ਦੇ
ਅੱਥਰੇ ਘੋੜੇ ਸੰਭਾਲਣੇ ਪੈਣਗੇ

-0-

ਮੈਂ ਕਿਰਨ ਹੀ
ਸੂਰਜ ਹਾਂ
ਜ਼ੱਰਾ ਹੀ ਸਹਿਰਾ
ਬੂੰਦ ਹੀ ਸਾਗਰ ਹਾਂ

ਧਰਤੀਆਂ ਅਕ੍ਰਾਸ਼ਾਂ ਪਤਾਲਾਂ 'ਚ
ਉਜਾਗਰ ਹਾਂ
ਅਕਾਸ਼ ਧਰਤੀ ਅੰਗ ਸੰਗ ਹੈ ਮੇਰੇ
ਹਵਾ ਅੱਗਣ ਜਲ
ਸਭ ਰੰਗ ਹੈ ਮੇਰੇ

-0-

ਤੇਰੇ ਜ਼ੁਲਮ ਦੀ ਇੰਨਤਹਾ
ਮੇਰੇ ਸਬਰ ਦੀ ਹੱਦ
ਤੇਰੀ ਮਰਦਾਨਗੀ ਦਾ ਅੰਤ
ਤੇਰੀ ਕਬਰ ਹੈ
ਤੇਰੇ ਪੈਰਾਂ ਦੀ ਜੁੱਤੀ ਦਾ
ਇਹ ਅਗਾਜ਼ ਹੈ
ਦਿਨ ਹੈ ਮੇਰੇ ਲਈ
ਤੇਰੇ ਲਈ ਹੁਣ ਹਨ੍ਹੇਰੀ ਰਾਤ ਹੈ

-0-

ਇਹ ਪੈਰਾਂ ਦੀ ਜੁੱਤੀ ਨਹੀਂ
ਸਿਰ ਤੇਰੇ ਦਾ ਤਾਜ਼ ਹੈ
ਅਰਧਾਗਨੀ ਤੇਰੀ ਦੀ
ਇਹ ਅਵਾਜ਼ ਹੈ
ਅੱਜ ਤੋਂ ਬਾਅਦ
ਤੂੰ ਮਰਦ ਨਾ ਪਤੀ-ਪ੍ਰਮੇਸ਼ਵਰ
ਕਹਾਏਂਗਾ
ਮੈਂ ਮੰਜ਼ਿਲ ਤੂੰ ਰਾਹ ਹੋ ਜਾਏਂਗਾ
ਦਿਲ ਦੇ ਤਖ਼ਤ ਤੇ ਬਿਠਾਏਂਗਾ
ਸਿਰ ਤੇ ਕਲਗੀ ਵਾਂਗ
ਮੈਨੂੰ ਸਜਾਏਂਗਾ

-0-

ਕਿਉਂਕਿ
ਮੈਂ ਤੇਰੀ ਸਰਦਲ ਟੱਪ ਕੇ
ਬਾਹਰ ਆ ਗਈ ਹਾਂ
ਆਪਣੀ ਹੋਂਦ
ਆਪਣਾ ਸੱਚ ਪਾ ਗਈ ਹਾਂ
ਹੁਣ ਮੈਂ ਨਹੀਂ ਮੁੜਨਾ
ਮੇਰੇ ਪੈਰਾਂ ਦੀ ਮਿੱਟੀ
ਮੱਥੇ ਲਾਏਂਗਾ
ਇਸ ਪੈਰ ਦੀ ਜੁੱਤੀ ਲਈ
ਤਰਸਦਾ ਹੀ ਤਰਸਦਾ
ਸਿਰ ਤੋਂ ਪੈਰਾਂ ਤਕ
ਛਾਲਾ ਹੋ ਜਾਏਂਗਾ

-0-

ਫਿਰ ਤੈਨੂੰ
ਅਹਿਸਾਸ ਹੋਵੇਗਾ
ਸਿਰ ਕੀ ਹੁੰਦੈ ਪੈਰ ਕੀ ਹੁੰਦੈ
ਮਰਦ ਦਾ ਔਰਤ 'ਤੇ
ਕਹਿਰ ਕੀ ਹੁੰਦੈ
ਕੌਣ ਆਪਣਾ ਤੇ ਗ਼ੈਰ ਕੀ ਹੁੰਦੈ

-0-

ਤੇਰੀ ਸਰਦਲ ਦੇ ਅੰਦਰ ਹੀ
ਮੈਂ ਅਬਲਾ ਨਾਰ ਹਾਂ
ਸਰਦਲ ਟੱਪਣ ਤੋਂ ਬਾਅਦ
ਮੈਂ ਨੰਗੀ ਤਲਵਾਰ ਹਾਂ
ਸਿਰ ਦੇ ਵੀ ਸਕਦੀ ਹਾਂ
ਸਿਰ ਲੈ ਵੀ ਸਕਦੀ ਹਾਂ

ਸਰਦਲ ਦਾ ਭੈਅ
ਜਦ ਦਾ ਮੈਂ
ਦੇਹ ਤੋਂ ਉਤਾਰਿਐ
ਆਪਣੀ ਧਰਤੀ
ਆਪਣਾ ਅੰਬਰ ਉਸਾਰਿਐ

-0-

ਇਹ ਭੈਅ
ਕਈ ਸਦੀਆਂ
ਮੈਂ ਜਿਉਂਦੀ ਰਹੀ ਹਾਂ
ਮਰਦ ਦੀ ਛੱਤਰ ਛਾਇਆ ਹੇਠ
ਹਰ ਵਰ੍ਹੇ ਜ਼ਿਹਨੀ ਤੌਰ 'ਤੇ
ਮੈਂ ਤਰੁੰਦੀ ਰਹੀ ਹਾਂ
ਮੇਰੇ ਬੱਚੇ ਮੇਰਾ ਜਿਸਮ
ਹੰਢਾਉਦੇ ਰਹੇ
ਕੋਠਿਆਂ ਬਜ਼ਾਰਾਂ ਮੰਡੀਆਂ 'ਚ
ਮੈਨੂੰ
ਵਸਤੂਆਂ ਵਾਂਗ ਸਜਾਉਂਦੇ ਰਹੇ
ਨਾ ਮੈਂ
ਮਾਂ ਚੋਂ ਮਾਂ ਨਜ਼ਰ ਆਈ
ਨਾ ਧੀ ਚੋਂ ਧੀ
ਨਾ ਭੈਣ ਚੋਂ ਭੈਣ ਨਜ਼ਰ ਆਈ
ਮੈਂ ਹਰ ਮਰਦ ਦੀ ਭੁੱਖ ਨੂੰ
ਇਕ ਬੁਰਕੀ ਨਜ਼ਰ ਆਈ

-0-

ਮੇਰੇ ਚਿਹਰੇ ਤੇ ਜੋ ਦਾਗ਼ ਨੇ
ਜਿਉਂਦਿਆਂ
ਬੁੱਝ ਬੁੱਝ ਕੇ ਜਗਦੇ ਚਿਰਾਗ਼ ਨੇ
ਦਾਗ਼ ਜਗਦੇ ਰਹਿ ਗਏ
ਜ਼ਖ਼ਮ ਤਾਂ ਮਿਟ ਗਏ
ਦਾਸਤਾਂ ਮੇਰੀ
ਸਮੇਂ ਦੀ ਹਿੱਕ ਤੇ
ਪੌਣਾਂ ਜ਼ੁਬਾਨੀ ਲਿੱਖ ਗਏ

-0-

ਇਹ ਦਾਗ਼ ਜਗਦੇ
ਰੱਖਣ ਲਈ
ਮੈਂ ਕਈ ਸਦੀਆਂ
ਮਰਦ ਦੀ ਗੁਲਾਮੀ ਸਹਾਰਦੀ ਰਹੀ
ਕਦੀ ਸੀਤਾ ਹੋ
ਅਗੱਣ 'ਚ ਸੜਦੀ ਰਹੀ
ਕਦੀ ਦਰੋਪਤੀ ਹੋ
ਦਾਅ ਤੇ ਲੱਗਦੀ ਰਹੀ
ਕਦੀ
ਦੀਵਾਰ 'ਚ ਚਿਣੀ ਗਈ
ਕਦੀ
ਨੰਗੀ ਨਚਾਈ ਗਈ
ਕਦੀ ਖਰੀਦੀ
ਕਦੀ ਵਿਕੀ
ਕਦੀ ਵੇਸ਼ੀਆਂ
ਕਦੀ ਤੁਆਇਫ਼ ਕਹਾਈ ਗਈ

-0-

ਮੇਰੇ ਸਬਰ ਸੰਤੋਖ ਨੇ
ਜਦ
ਰੂਪ ਦਰਪਣ ਦਾ ਧਾਰਿਆ
ਮੈਨੂੰ ਹੀ
ਜਦ ਮੇਰਾ ਚਿਹਰਾ ਵਿਖਾਲਿਆ
ਮੈਂ
ਦਰਪਣ ਦੇ ਥੁੱਕਿਆਂ
ਜੋ ਮੇਰੇ ਮੂੰਹ ਤੇ ਆ ਪਿਆ
ਮੈਂ
ਮਰਦ ਦੀ ਸਰਦਲ ਟੱਪ ਕੇ
ਬਾਹਰ ਆ ਗਈ
ਆਪਣਾ ਸੱਚ ਪਾ ਗਈ
ਆਪਣੀ ਹਿਫ਼ਾਜ਼ਤ ਲਈ ਖਲੋ ਗਈ
ਅਬਲਾ ਤੋਂ ਤਲਵਾਰ ਹੋ ਗਈ

----

# ਜਮਾਂਦਰੂ ਹੱਕ

ਉਹ
ਚੁੱਪ ਤਨਹਾਈ ਦੀ
ਬੁੱਕਲ 'ਚ ਬੈਠਾ
ਅੱਖਾਂ ਤੇ ਪੱਟੀ ਜੀਭਾ ਤੇ ਤਾਲਾ
ਪੈਰੀਂ ਲੋਹੇ ਦੇ ਬੂਟ
ਕੰਨਾਂ 'ਚ ਸਿੱਕਾ ਢਾਲ
ਬਾਹਰਲੀ ਦੁਨੀਆਂ ਦਾ ਵਜ਼ੂਦ
ਆਪਣੇ ਆਪ 'ਚ ਸੰਕਲਪ
ਤੇ ਹੰਢਾਅ ਰਿਹਾ ਸੀ
ਵਕਤ ਸੀ
ਪੱਥਰ ਹੁੰਦਾ ਜਾ ਰਿਹਾ ਸੀ

-0-

ਉਹ ਜੀਭਾ ਤੋਂ ਤਾਲਾ ਉਤਾਰ
ਅੱਖਾਂ ਤੋਂ ਪੱਟੀ ਲਾਹ
ਵੇਖਣਾ ਤੇ ਕੁੱਝ ਉਚਾਰਨਾ
ਚਾਹੁੰਦਾ ਸੀ
ਲੋਹੇ ਦੇ ਬੂਟ ਉਤਾਰ
ਰੌਣਕਾਂ 'ਚ ਵਿਚਰਨਾ
ਤੇ ਹਰੇ ਘਾਹ ਦੀ ਤ੍ਰੇਲ
ਮਿੱਧਣਾ ਚਾਹੁੰਦਾ ਸੀ
ਬਾਹਰਲੀ ਦੁਨੀਆਂ ਦਾ ਸੱਚ
ਜਿਉਣਾ ਚਾਹੁੰਦਾ ਸੀ

-0-

ਜੀਵਨ ਜਿਉਣ ਦੇ
ਉਸਦੇ ਇਹ ਜਮਾਂਦਰੂ ਹੱਕ ਸਨ
ਜਿਨ੍ਹਾਂ ਤੋਂ ਉਹ ਮਹਿਰੂਮ ਸੀ
ਉਸ ਨੂੰ
ਅੱਖਾਂ ਤੋਂ ਪੱਟੀ
ਬੂਟਾਂ ਦੇ ਤਸਮੇਂ ਖੋਲ੍ਹਣ ਦਾ
ਚੱਜ ਨਹੀਂ ਸੀ
ਜ਼ੀਭਾ ਦੇ ਤਾਲੇ ਦੀ ਚਾਬੀ
ਉਸ ਦੇ ਕੋਲ ਨਹੀਂ ਸੀ
ਉਹ ਆਪਣੇ ਪ੍ਰਛਾਵਿਆਂ ਦੀ
ਗੁਲਾਮੀ ਹੰਢਾਅ ਰਿਹਾ ਸੀ
ਉਸਦਾ ਆਪਣਾ
ਕੋਈ ਅਰਥ ਕੋਈ ਬੋਲ ਨਹੀਂ ਸੀ

-0-

ਉਸ ਨੂੰ
ਮਦਰੱਸੇ 'ਚ ਦਿੱਤੀ ਸਿੱਖਿਆ
ਜਮਾਂਦਰੂ ਹੱਕਾਂ ਦੀ
ਖੁਦਮੁਖਤਾਰੀ ਸਿਖਾਉਂਦੀ ਨਹੀਂ
ਉਸ 'ਚ
ਗਿਆਨ ਵਿਗਿਆਨ ਦੇ ਸੂਰਜ
ਤਾਂ ਧਰਤੀ ਹੈ
ਪਰ ਹਨ੍ਹੇਰੇ 'ਚ ਰੌਸ਼ਨੀ ਲਈ
ਸਿਆਣਪ ਦਾ ਦੀਵਾ ਜਗਾਉਂਦੀ ਨਹੀਂ

-0-

ਉਹ ਸਾਰੀ
ਪੈਂਤੀ ਅੱਖਰੀ ਪੜ੍ਹਿਆ
ਉਸ ਧਰਤ ਕੱਛੇ ਮਾਰੀ
ਅੰਬਰ ਮੁੱਠ 'ਚ ਫੜਿਆ
ਬ੍ਰਹਿਮੰਡ ਦਾ ਉਸ ਪਿੰਡਾ ਤਰਿਆ
ਲੱਖਾਂ ਸੂਰਜਾਂ ਦਾ ਤੇਜ਼
ਉਸ ਅੰਦਰ ਭਰਿਆ
ਉਹ ਗਿਆਨਵਾਨ
ਵਿਗਿਆਨੀ ਤੇ ਰੌਸ਼ਨ ਹੋ ਕੇ ਵੀ
ਚੁੱਪ ਤਨਹਾਈ 'ਚ ਬੈਠਾ ਹੈ
ਅੱਖਾਂ ਤੇ ਪੱਟੀ ਜੀਭਾ ਤੇ ਤਾਲਾ
ਲੋਹੇ ਦੇ ਬੂਟ ਪਹਿਨ
ਆਪਣਾ ਗਿਆਨ ਵਿਗਿਆਨ
ਤੇ ਰੌਸ਼ਨੀ ਹੰਢਾਅ ਰਿਹਾ ਹੈ
ਆਪਾ ਜਿਉਣ ਦੀ ਮਾਰ
ਖਾ ਰਿਹਾ ਹੈ
ਆਪਣੇ ਵਿਸਥਾਰ 'ਚ
ਸਾਹ ਲੈਣ ਲਈ ਮਜਬੂਰ ਹੈ
ਜੀਅ ਰਿਹਾ ਹੈ ਅਜੋਕਾ ਮਨੁੱਖ
ਪਰ ਜ਼ਿੰਦਗੀ ਤੋਂ ਦੂਰ ਹੈ

----

## ਚਿਹਰਾ ਤੇ ਜੰਗਲ

ਉਸ
ਹੱਥਾਂ ਦੀਆਂ ਤਲੀਆਂ ਚੋਂ
ਆਪਾ ਤੱਕਿਆ
ਉਸ ਨੂੰ ਲੱਗਿਆ
ਉਹ ਆਦਮੀ ਨਹੀਂ ਦਰਿੰਦਾ ਹੈ
ਜੰਗਲੀ ਜਾਨਵਰ
ਖੂੰਖਾਰ ਭੇੜੀਆ
ਜ਼ਹਿਰੀਲਾ ਸੱਪ ਹੈ
ਉਸਦੇ ਹੱਥਾਂ ਦੀਆਂ ਤਲੀਆਂ ਚੋਂ
ਉਸਦੇ ਅੰਦਰ ਦਾ ਜੰਗਲ
ਉਸਦੇ ਚਿਹਰੇ ਤੇ ਉੱਗ ਆਇਆ

-0-

ਜਿਸ ਜੰਗਲ 'ਚ
ਭ੍ਰਿਸ਼ਟਾਚਾਰ ਦਾ ਸ਼ੇਰ
ਗਰਜਦਾ ਸੀ
ਰਿਸ਼ਵਤਖੋਰੀ ਦੀ ਹਵਾ ਵਗਦੀ ਸੀ
ਜਮ੍ਹਾਂਖੋਰੀ ਦਾ ਆਸਮਾਂ
ਆਦਮਖ਼ਾਣੀ ਧਰਤ ਸੀ
ਜੰਗਲ 'ਚ ਬਦਦਿਆਨਤਦਾਰ
ਤੇ ਅਹਿਸਾਨ ਫਰਾਮੋਸ਼
ਜਾਨਵਰਾਂ ਦੀ ਭੀੜ ਸੀ
ਗਰੀਬ ਖ਼ਰਗੋਸ਼, ਭੇਡਾਂ, ਬੱਕਰੀਆਂ
ਹਿਰਨਾਂ ਦਾ ਸ਼ਿਕਾਰ

ਸ਼ੇਰ ਚੀਤੇ ਤੇ ਬਘਿਆੜ
ਰੋਜ਼ ਕਰਦੇ

-0-

ਉਸ ਦੇ ਹੱਥਾਂ ਦੀਆਂ
ਤਲੀਆਂ ਹੀ ਦਰਪਣ ਸਨ
ਉਸ ਦਾ ਅੰਦਰ ਹੀ
ਉਸ ਦਾ ਚਿਹਰਾ ਸੀ
ਦਰਪਣ ਚੋਂ
ਚਿਹਰਾ ਝਾਕਦਾ ਸੀ
ਦਰਪਣ
ਚਿਹਰੇ ਤੇ ਚੜ੍ਹੀਆਂ
ਪਰਤਾਂ ਉਤਾਰਦਾ ਸੀ

-0-

ਉਸ ਨੇ
ਆਪਣੇ ਅੰਦਰਲੇ ਦਾ ਵਿਸਥਾਰ
ਜਦ ਬਾਹਰ ਪਾਇਆ
ਤਾਂ ਉਸ ਨੂੰ
ਆਪਣਾ ਸੱਚ ਨਜ਼ਰ ਆਇਆ
ਉਹ ਆਪਣਾ ਚਿਹਰਾ
ਲੋਕਾਂ ਤੋਂ ਛੁਪਾ ਸਕਦਾ ਹੈ
ਪਰ ਆਪਣੇ ਆਪ ਤੋਂ
ਛੁਪਾ ਨਈਂ ਸਕਦਾ
ਆਪਣੇ ਝੂਠ ਦਾ ਸੱਚ
ਸੱਚ ਦਾ ਝੂਠ ਬਣਾ ਨਹੀਂ ਸਕਦਾ

-0-

ਉਸ ਸਦਾ ਆਪਣੀ ਕੀਤੀ
ਸਵੈ ਨੂੰ ਕਦੀ ਨਹੀਂ ਸੁਣਿਆ
ਸਵੈ ਸੱਚ ਤੇ ਪੈਰ ਧਰ
ਆਪਣੇ ਦੁਆਲੇ ਆਪਣੀ ਬਰਬਾਦੀ ਦਾ
ਉਸ ਜਾਲ਼ ਸੀ ਬੁਣਿਆ
ਜਿਸ 'ਚ ਉਹ ਫਸ ਕੇ ਰਹਿ ਗਿਆ
ਆਪਣੀਆਂ ਨਜ਼ਰਾਂ ਚੋਂ ਗਿਰ ਗਿਆ
ਉਮਰ ਦੇ ਹੱਥਾਂ ਚੋਂ ਰੇਤ ਵਾਂਗ ਕਿਰ ਗਿਆ

-0-

ਉਹ ਜੋ ਸੀ ਆਪਣੇ ਆਪ ਨੂੰ
ਉਹੀ ਨਜ਼ਰ ਆਇਆ
ਸੱਚ ਦਾ ਸੱਚ
ਝੂਠ ਦਾ ਝੂਠ ਕਹਾਇਆ
ਉਹ ਚਿਹਰਾ ਵੀ
ਦਰਪਣ ਵੀ ਆਪ ਸੀ
ਉਸ ਦੇ ਕਰਮਾਂ ਦਾ
ਉਸ ਦੇ ਚਿਹਰੇ 'ਤੇ
ਲਿਖਿਆ ਹਿਸਾਬ ਸੀ

----

## ਪੱਥਰ ਦੀ ਦੁਨੀਆਂ

ਉਹ ਘਰੋਂ ਨਿਕਲਿਆ
ਤਾਂ ਕਲੀਆਂ ਦੀ ਮੁਸਕਾਣ
ਰੰਗਾਂ ਦੀ ਝਲਕ
ਫੁੱਲਾਂ ਦਾ ਚਿਹਰਾ ਸੀ
ਸੂਰਜਾਂ ਚੰਨਾਂ ਤਾਰਿਆਂ ਸੰਗ
ਜਗਦਾ ਅੰਬਰ ਸੀ
ਖੇਤਾਂ ਦੀ ਹਰਿਆਵਲ
ਹੁਲਾਸ ਨੂਰ ਸੀ
ਆਪਣੇ ਆਪ 'ਚ ਭਰਪੂਰ ਸੀ

-0-

ਉਸ ਦੀਆਂ ਨਜ਼ਰਾਂ 'ਚ
ਮੰਜ਼ਿਲਾਂ ਰੌਣਕਾਂ ਸਨ
ਦੇਹ 'ਚ ਖਲਕਤ ਦੇ ਹਜ਼ੂਮ
ਮੁਖੜਾ
ਸੱਚ ਸੁੰਦਰਤਾ ਦੀ ਤਸਵੀਰ ਸੀ
ਉਸ ਚੋਂ
ਚਸ਼ਮੇ ਝਰਨੇ ਫੁੱਟਦੇ ਸਨ
ਸਾਗਰ ਝਲਕਦੇ ਸਨ
ਚਾਨਣ ਟਪਕਦੇ ਸਨ

-0-

ਜਦ ਉਹ ਵਾਪਿਸ ਪਰਤਿਆ
ਚੁੱਪ ਸੀ ਉਦਾਸ ਸੀ
ਉਸ ਦੇ ਚਿਹਰੇ ਤੇ
ਜ਼ਿੰਦਗੀ ਦਾ ਸ਼ਮਸ਼ਾਨ
ਉੱਗ ਆਇਆ ਸੀ

ਉਹ ਤਿੜਕੀ ਧਰਤ
ਫੱਟਿਆ ਆਸਮਾਨ
ਪੱਥਰ ਹੋਈ ਮੁਸਕਾਣ ਸੀ

-0-

ਉਸ ਚੋਂ ਮਸੂਮੀਅਤ ਤੇ
ਭੋਲਾਪਣ ਨੁੱਚੜ ਗਿਆ ਸੀ
ਜ਼ਿੰਦਗੀ ਦਾ ਸੁਰਖ਼ ਰੰਗ
ਉਤਰ ਗਿਆ ਸੀ
ਉਸ ਵਿਚਲੀ ਮਹਿਕ
ਮਰ ਗਈ ਸੀ
ਜਿਉਂਦੀ ਪਤਝੜ
ਉਸਦੀ ਤਲੀ ਤੇ ਧਰ ਗਈ ਸੀ

-0-

ਬਾਹਰਲੀ ਦੁਨੀਆਂ
ਪੱਥਰ ਦੀ ਸੀ
ਪੱਥਰ ਦੇ ਸ਼ਹਿਰ ਸੜਕਾਂ ਬਜ਼ਾਰ
ਪੱਥਰ ਦੇ ਘਰ ਬੂਹੇ ਬਾਰੀਆਂ
ਪੱਥਰ ਦੀਆਂ ਮੂਰਤਾਂ
ਪੱਥਰ ਦੀ ਦੁਨੀਆਂ 'ਚ ਵਿਸਥਾਰੀਆਂ

-0-

ਲੋਕ
ਪੱਥਰ ਦਾ ਹਾਸਾ ਹੱਸਦੇ
ਪੱਥਰ ਦੇ ਅੱਥਰੂ ਕੇਰਦੇ
ਪੱਥਰ ਦੇ ਬੋਲ ਸੁਣਦੇ ਤੇ ਬੋਲਦੇ
ਪੱਥਰ ਦੀ ਚੁੱਪ ਪੱਥਰ ਦਾ ਸ਼ੋਰ
ਪੱਥਰ ਕੁਦਰਤ ਤੇ ਕਾਦਰ

ਪੱਥਰ ਦੇ ਰੁੱਖ ਚਿੱੜੀਆਂ ਤੋਤੇ
ਘੁੱਗੀਆਂ ਤੇ ਮੋਰ
ਪੱਥਰ ਦੀ ਦੁਨੀਆਂ 'ਚ
ਕਈ ਵਾਰ
ਵੇਚਿਆ ਖਰੀਦਿਆ ਗਿਆ ਸੀ ਉਹ
ਬੀਜਿਆ ਉੱਗਾਇਆ ਗਿਆ ਸੀ ਉਹ
ਉਸ ਪੱਥਰ ਦੀ ਦੁਨੀਆਂ ਦਾ
ਸਾਗਰ ਹੰਗਾਲਿਆ
ਉਸ ਦਾ ਸੱਚ ਸੁੰਦਰਤਾ
ਮੁਸਕਾਣ ਤੇ ਖ਼ੁਸ਼ਬੂ
ਸਾਗਰ 'ਚ ਵਹਿ ਗਏ
ਪੱਥਰ ਦੀ ਤਾਸੀਰ ਤੇ ਜ਼ਮੀਰ
ਉਸ ਦੇ ਪੱਲੇ ਪੈ ਗਏ
ਉਸ ਦੀ ਜਿਉਂਦੀ ਜਾਗਦੀ
ਹੱਸਦੀ ਖੇਡਦੀ ਜ਼ਿੰਦਗੀ
ਪੱਥਰ ਹੋ ਕੇ ਰਹਿ ਗਈ
ਉਸ ਦੀ ਲਹੂ ਮਾਸ ਦੀ
ਦੁਨੀਆਂ ਚੁਗ ਕੇ ਲੈ ਗਈ

-0-

ਆਪਣਾ ਸਭ ਕੁੱਝ ਲੁੱਟਾ ਕੇ
ਪੱਥਰ ਦੀ ਦੁਨੀਆਂ 'ਚ
ਲਹੂ ਮਾਸ ਦੀ ਜੋਤੀ ਬੁੱਝਾ ਕੇ
ਪਰਤ ਆਇਆ ਉਹ
ਅਨੁਭਵਹੀਣਤਾ ਮੁਰਦਾਪਣ
ਤੇ ਜੀਵਨ ਅਗਤੀ ਲੈ ਨਾਲ ਆਇਆ ਉਹ

----

## ਉਦਾਸ ਦਿਨ

ਦਿਨ ਗੁਜ਼ਰਦਾ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ ਘੱਟਦੀ
ਨਾ ਮੁੱਕਦੀ ਹੈ

-0-

ਸੂਰਜ ਦੇ ਸੇਕ 'ਚ ਪਿਘਲੇ
ਚੰਨ ਦੀ ਭਾਲ 'ਚ ਨਿਕਲੇ
ਜ਼ਿੰਦਗੀ ਤੋਂ
ਏਨਾ ਦੂਰ ਨਿਕਲ ਆਏ
ਨਾ ਚੰਨ ਹੀ ਮਿਲਿਆ
ਨਾ ਘਰ ਹੀ ਪਰਤੇ

-0-

ਨਿਕਲੇ ਸਾਂ ਕਿ ਦਿਲ਼ ਨੂੰ
ਕਿਤੇ ਸਕੂਨ ਮਿਲ ਜਾਏ
ਚੰਨ ਦੀ ਠੰਡਕ
ਦੇਹ 'ਚ ਉਤਰ ਜਾਏ
ਸਕੂਨ ਭਾਲਦੇ ਭਾਲਦੇ
ਆਪਾ ਗੁਆ ਲਿਆ
ਆਪਣਾ ਮੁਰਦਾ
ਆਪਣੇ ਮੋਢੀਂ ਉਠਾ ਲਿਆ
ਚੰਨ ਨਾ ਮਿਲਿਆ
ਜ਼ਿੰਦਗੀ ਨੇ ਵੀ
ਆਪਣਾ ਪੱਲਾ ਛੁੱਡਾ ਲਿਆ

-0-

ਕਬਰ ਦੇ ਹੋਏ ਤਾਂ ਜਾਣਿਆ
ਮੁਰਦੇ ਵੀ ਜਿਊਣਾ ਚਾਹੁੰਦੇ ਹਨ
ਜ਼ਿੰਦਗੀ ਦੇ ਦਾਗ਼
ਮਿਟਾਉਣਾ ਚਾਹੁੰਦੇ ਹਨ
ਕਬਰ ਦੀ ਮਿੱਟੀ ਵੀ
ਜਿਉਣਾ ਲੋਚਦੀ ਹੈ
ਹਰਿਆਂ ਭਰਿਆਂ ਖੇਤਾਂ ਦੀ
ਕੁੱਖ ਟੋਲਦੀ ਹੈ
ਵਧਦੀ ਹੈ ਭਟਕਣਾ ਹਰ ਵਕਤ ਹੀ
ਘਟਦੀ ਨਹੀਂ
ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘਟਦੀ ਨਾ ਮੁੱਕਦੀ ਹੈ

-0-

ਜ਼ਿੰਦਗੀ
ਭਟਕਣ ਤੋਂ ਸਿਵਾ ਕੁੱਝ ਨਹੀਂ
ਭਟਕਣ ਹੀ
ਇਸ ਦੀ ਹਕੀਕਤ ਹੈ
ਜ਼ਿੰਦਗੀ
ਖੁਦ ਆਪਣੇ ਸਕੂਨ ਤੋਂ ਮਹਿਰੂਮ ਹੈ
ਹਵਾ ਤੋਂ ਤੇਜ਼ ਦੌੜਣ ਦਾ
ਇਸ ਦਾ ਦਸਤੂਰ ਹੈ
ਨਾ ਇਹ ਠਹਿਰਦੀ
ਨਾ ਇਸ ਦੀ ਰਫ਼ਤਾਰ ਘਟਦੀ ਹੈ

ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘਟਦੀ ਨਾ ਮੁੱਕਦੀ ਹੈ

-0-

ਇਹ ਮੁੜ ਕੇ ਵੇਖਣ ਦੀ ਆਦੀ ਨਹੀਂ
ਬਸ ਦੌੜਦੀ ਹੀ ਦੌੜਦੀ ਹੈ
ਭਾਵੇਂ ਧਰਤ ਮੁੱਕ ਜਾਏ
ਮੌਤ ਹੈ ਇਸ ਦੀ
ਜੇ ਇਹ ਕਿੱਧਰੇ ਰੁਕ ਜਾਏ

-0-

ਇਹ ਮਰ ਕੇ ਵੀ
ਕਬਰ ਵਿਚ ਠਹਿਰ ਨਹੀਂ ਸਕਦੀ
ਕਬਰ ਤੋਂ
ਅਗੇਰੇ ਦਾ ਸਫ਼ਰ ਕਰਦੀ ਹੈ
ਮਨੁੱਖ ਦੀ ਤਲੀ 'ਤੇ
ਨਿਰੰਤਰ ਦੌੜ ਦਾ ਲਕਸ਼ ਧਰਦੀ ਹੈ
ਮਨੁੱਖ
ਨਿਰੰਤਰ ਦੌੜਣ ਦਾ ਆਦੀ ਹੋ ਜਾਏ
ਜ਼ਿੰਦਗੀ ਦੇ ਹਾਣ ਦੀਆਂ
ਰੌਣਕਾਂ ਰੰਗੀਨੀਆਂ ਦਾ ਸਾਥੀ ਹੋ ਜਾਏ
ਚੁੱਪ ਉਦਾਸੀ ਇਕੱਲਤਾ
ਨਜ਼ਰਅੰਦਾਜ਼ ਕਰੇ
ਭੂਤ ਨੂੰ ਤਿਆਗੇ
ਵਰਤਮਾਨ ਨੂੰ ਵਿਸਰੇ ਭਵਿੱਖ 'ਚ ਜੀਏ

-0-

ਦਿਲ ਦੀ ਧੜਕਣ ਭਟਕਣ ਹੈ
ਇਹ ਧੜਕਦਾ ਹੈ
ਤਾਂ ਜਿਉਂਦੀ ਜਾਨ ਹੈ ਮਨੁੱਖ
ਭਟਕਣ ਬਿਨਾਂ
ਮਿੱਟੀ ਸਮਾਨ ਹੈ ਮਨੁੱਖ
ਇਹ ਭਟਕਣ ਹੀ
ਸਕੂਨ ਦੀ ਭੁੱਖ ਹੈ
ਇਹ ਭਟਕਣ
ਜਦ ਥੱਕ ਟੁੱਟ ਭੱਜ ਜਾਂਦੀ ਹੈ
ਆਪਣੀ ਕੁੰਜ ਉਤਾਰਦੀ ਹੈ
ਸਕੂਨ ਦਾ ਰੂਪ ਧਾਰਦੀ ਹੈ

-0-

ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘਟਦੀ ਨਾ ਮੁੱਕਦੀ ਹੈ

----

# ਵਿੱਥ

ਜ਼ਿੰਦਗੀ
ਆਪਣੀ ਕੁੱਖ ਤੋਂ
ਬਹੁਤ ਅੱਗੇ ਨਿਕਲ ਗਈ
ਜ਼ਿੰਦਗੀ
ਗਿਆਨ ਵਿਗਿਆਨ
ਦਰਸ਼ਨ 'ਚ ਉਲਝੀ
ਆਪਣਾ ਚਿਹਰਾ
ਅੰਗ ਨਕਸ਼ ਰੰਗ ਤੇ
ਆਪਾ ਭੁੱਲ ਗਈ
ਆਪਣੇ ਵਿਕਸਤ
ਸਫ਼ਰ ਦੇ ਸਿੰਗੀਂ ਚੜ੍ਹੀ
ਆਪਣੇ ਤੋਂ ਅੱਗੇ ਨਿਕਲ ਗਈ

–0–

ਜ਼ਿੰਦਗੀ ਚੋਂ
ਰਿਸ਼ਤਿਆਂ ਦਾ ਸੱਚ ਨੁੱਚੜ ਗਿਆ
ਲਹੂ ਦਾ ਰੰਗ ਬਦਲ ਗਿਆ
ਅਨੁਭਵ ਜਜ਼ਬਾ ਹਾਸੇ ਅੱਥਰੂ
ਜ਼ਿੰਦਗੀ ਚੋਂ ਮਨਫ਼ੀ ਹੋ ਗਏ
ਜ਼ਿੰਦਗੀ ਚੋਂ
ਜ਼ਿੰਦਗੀ ਦੀ ਕੁੱਖ ਚੋਅ ਗਈ
ਜ਼ਿੰਦਗੀ ਚੋਂ
ਮਾਨਵ ਤੇ ਮਨੁੱਖਤਾ ਅਲੋਪ ਹੋ ਗਈ

–0–

ਜ਼ਿੰਦਗੀ ਚੋਂ
ਚੁੱਪ ਤੇ ਕਬਰਾਂ ਉੱਗ ਆਈਆਂ
ਪੱਤਝੜਾਂ ਵੀਰਾਨੀਆਂ ਉਦਾਸੀਆਂ
ਜ਼ਿੰਦਗੀ ਦੇ ਵਿਹੜੇ 'ਚ
ਪੁੱਗ ਆਈਆਂ

-0-

ਜ਼ਿੰਦਗੀ ਦੀ
ਹਰਿਆਵਲ ਕੋਲੇ ਹੋ ਗਈ
ਜ਼ਿੰਦਗੀ ਅੰਨ੍ਹੀ ਗੂੰਗੀ ਤੇ ਬੋਲੀ ਹੋ ਗਈ
ਆਪਣੀ ਹੋਂਦ ਸੱਚ ਸ਼ਨਾਖ਼ਤ ਖੋਹ ਗਈ
ਮਨੁੱਖ ਲਈ ਮੌਤ
ਉਬਲਦੀ ਧਰਤੀ
ਸੜਦਾ ਅਸਮਾਨ ਹੋ ਗਈ

-0-

ਜ਼ਿੰਦਗੀ
ਆਪਣੇ ਆਪ 'ਚ ਏਨੀ ਉਲਝੀ
ਕਿ ਇਸ ਦੀ ਕੋਈ ਵੀ ਤੰਦ
ਸਿੱਧੀ ਨਜ਼ਰ ਨਹੀਂ ਆਉਂਦੀ
ਅਸਪਸ਼ਟਤਾ ਦੇ ਖੂਹ 'ਚ
ਡਿੱਗੀ ਜ਼ਿੰਦਗੀ
ਆਪਣੇ ਯਥਾਰਥ ਦੀ ਤਬਾਹੀ ਹੋ ਗਈ
ਆਪਣੇ ਹੀ ਮਿਲਣ ਦੀ
ਜੁਦਾਈ ਹੋ ਗਈ

-0-

ਜ਼ਿੰਦਗੀ ਨੇ
ਮਨੁੱਖ ਦੇ ਪੈਰੀਂ ਵਿਸ਼ਾਲ ਥਲ

ਧਰ ਦਿੱਤਾ
ਮਨੁੱਖ ਨੂੰ
ਆਪਣੇ ਤੋਂ ਏਨੀ ਦੂਰ ਕਰ ਦਿੱਤਾ
ਕਿ ਮਨੁੱਖ ਜਿਉਂਦਾ ਹੀ
ਜਿਉਣਾ ਭੁੱਲ ਗਿਆ
ਨਜ਼ਰਾਂ 'ਚ ਫੈਲੇ ਥਲ ਮੁਕਾਉਂਦਾ
ਜ਼ਿੰਦਗੀ ਨੂੰ ਭਾਲਦਾ ਭਾਲਦਾ ਹੀ
ਗੁੰਮ ਗਿਆ

-0-

ਜ਼ਿੰਦਗੀ ਮਨੁੱਖ ਲਈ
ਦਿਸਹੱਦੇ ਦਾ ਭਰਮ ਬਣ ਕੇ
ਰਹਿ ਗਈ
ਮਨੁੱਖੀ ਸਫ਼ਰ ਦਾ ਫਲਹੀਣ
ਕਰਮ ਬਣ ਕੇ ਰਹਿ ਗਈ

-0-

ਅਜੋਕਾ ਮਨੁੱਖ
ਅਸਮਾਨਾਂ ਚੋਂ ਭਾਲਦਾ ਹੈ ਜ਼ਿੰਦਗੀ
ਪਹਾੜਾਂ ਦੇ ਸੀਨੇ ਚੀਰਦਾ
ਸਮੁੰਦਰ ਉਬਾਲਦਾ
ਤਲਾਸ਼ਦਾ ਹੈ ਜ਼ਿੰਦਗੀ
ਹਵਾ ਨੂੰ ਮੁੱਠਾਂ 'ਚ ਫੜਦਾ
ਪੱਥਰਾਂ ਦੇ ਪਿੰਡੇ ਉਤਰਦਾ
ਸਹਿਰਾ ਦੀ ਅੱਗ ਤਰਦਾ
ਧਰਤ ਦੇ ਪ੍ਰਛਾਵਿਆਂ ਚੋਂ
ਨਿਹਾਰਦਾ ਹੈ ਜ਼ਿੰਦਗੀ

-0-

ਜ਼ਿੰਦਗੀ
ਏਨੀ ਅੱਗੇ ਨਿਕਲ ਆਈ
ਕਿ ਇਕੱਲੀ ਰਹਿ ਗਈ
ਆਪਣੇ ਵਿਸਥਾਰ 'ਚ ਭਟਕਦੀ
ਕਬਰਾਂ ਦੀ ਜੂਨੀ ਪੈ ਗਈ
ਨਾ ਜ਼ਿੰਦਗੀ ਨੂੰ ਮਨੁੱਖ
ਨਾ ਮਨੁੱਖ ਨੂੰ ਜ਼ਿੰਦਗੀ
ਨਜ਼ਰ ਆਉਂਦੀ ਹੈ
ਇਹ ਮਨੁੱਖ ਤੇ
ਜ਼ਿੰਦਗੀ ਵਿਚਲੀ ਵਿੱਥ
ਅਜੋਕੇ ਸਮੇਂ ਦੀ
ਤਰਾਸਦੀ ਕਹਾਉਂਦੀ ਹੈ

-0-

ਜ਼ਿੰਦਗੀ
ਆਪਣੀ ਕੁੱਖ ਤੋਂ
ਬਹੁਤ ਅੱਗੇ ਨਿਕਲ ਗਈ
ਜ਼ਿੰਦਗੀ
ਗਿਆਨ ਵਿਗਿਆਨ
ਦਰਸ਼ਨ 'ਚ ਉਲਝੀ
ਆਪਣਾ ਚਿਹਰਾ
ਅੰਗ ਨਕਸ਼ ਰੰਗ ਤੇ
ਆਪਾ ਭੁੱਲ ਗਈ
ਆਪਣੇ ਵਿਕਸਤ
ਸਫ਼ਰ ਦੇ ਸਿੰਗੀਂ ਚੜ੍ਹੀ
ਆਪਣੇ ਤੋਂ ਅੱਗੇ ਨਿਕਲ ਗਈ

----

## ਦੌੜ

ਜ਼ਿੰਦਗੀ ਦੀ ਦੌੜ 'ਚ
ਪਿੱਛੇ ਰਹਿਣ ਦੇ ਡਰ ਤੋਂ
ਉਹ
ਆਪਣੇ ਦੁਆਲੇ ਨਾਲ ਦੌੜ ਰਿਹਾ ਸੀ
ਉਸ ਦੇ ਦੁਆਲੇ 'ਚ
ਪੈਰ ਸਿਰ ਤੇ ਲੋਕ ਦੌੜ ਰਹੇ ਸਨ

-0-

ਉਸ ਦੇ ਪਿੱਛੇ ਵੀ
ਦੌੜਦੇ ਲੋਕਾਂ ਦੀ ਭੀੜ ਸੀ
ਅੱਗੇ ਵੀ
ਦੌੜਦੇ ਲੋਕਾਂ ਦੀ ਭੀੜ ਸੀ
ਉਹ ਰੁਕ ਕੇ ਪੈਰਾਂ ਹੇਠ ਆ
ਮਰਨਾ ਨਹੀਂ ਸੀ ਚਾਹੁੰਦਾ
ਭੀੜ ਦੀ ਨਜ਼ਰ 'ਚ
ਬਲਹੀਣ ਹੋਣ ਦਾ ਇਲਜ਼ਾਮ
ਆਪਣੇ ਸਿਰ ਧਰਨਾ ਨਹੀਂ ਸੀ ਚਾਹੁੰਦਾ

-0-

ਭੀੜ ਕਿੱਧਰ ਜਾ ਰਹੀ ਹੈ
ਕਿਉਂ ਨੱਸ ਰਹੀ ਹੈ
ਭੀੜ ਨਹੀਂ ਸੀ ਜਾਣਦੀ
ਬਸ ਨੱਸ ਰਹੀ ਸੀ ਨੱਸ ਰਹੀ ਸੀ
ਉਸ ਨੇ
ਨਾਲ ਦੌੜਦੇ ਦੂਜੇ ਮਨੁੱਖ ਨੂੰ ਪੁੱਛਿਆ

ਇਹ ਭੀੜ
ਕਿਉਂ ਨੱਸ ਰਹੀ ਹੈ
ਉਹ ਬੋਲਿਆ
ਭੀੜ ਜਿਊਣ ਦੇ ਡਰ ਤੋਂ
ਨੱਸ ਰਹੀ ਹੈ

–0–

ਦੂਜੇ ਆਦਮੀ ਨੇ
ਉਸ ਨੂੰ ਪੁੱਛਿਆ
ਤੂੰ ਕਿਉਂ ਨੱਸ ਰਿਹਾ ਹੈਂ
ਉਹ ਬੋਲਿਆ
ਮੈਂ ਭੀੜ ਦੇ ਪੈਰਾਂ ਹੇਠ ਆ
ਕੁਚਲਿਆ ਨਾ ਜਾਵਾਂ
ਇਸ ਲਈ
ਡਰਦਾ ਨੱਸ ਰਿਹਾ ਹਾਂ

–0–

ਉਸ ਨੇ ਸੋਚਿਆ
ਮੈਂ ਮਰਨ ਦੇ ਡਰ ਤੋਂ
ਨੱਸ ਰਿਹਾ ਹਾਂ
ਭੀੜ ਜਿਊਣ ਦੇ ਡਰ ਤੋਂ
ਨੱਸ ਰਹੀ ਹੈ
ਮੇਰਾ ਵੀ ਨੱਸਣ ਦਾ
ਭੀੜ ਦਾ ਵੀ ਨੱਸਣ ਦਾ ਮਕਸਦ ਹੈ

–0–

ਉਸ ਫਿਰ
ਦੂਜੇ ਆਦਮੀ ਨੂੰ ਪੁੱਛਿਆ

ਤੂੰ ਕਿਉਂ ਨੱਸ ਰਿਹਾ ਹੈਂ
ਦੂਜਾ ਆਦਮੀ ਬੋਲਿਆ
ਮੈਂ ਸਿਰਫ਼ ਜੀਨ ਪਿੱਛੇ
ਨੱਸ ਰਿਹਾ ਹਾਂ

-0-

ਦੂਜੇ
ਆਦਮੀ ਨੇ ਫਿਰ ਕਿਹਾ
ਤੂੰ ਮਰਨ ਦੇ ਡਰ ਤੋਂ ਨੱਸ ਰਿਹਾ ਹੈਂ
ਤੂੰ ਹੀ ਦੱਸ
ਮੌਤ ਤੋਂ ਵੀ ਕੋਈ ਨੱਸ ਸਕਿਆ ਹੈ
ਭੀੜ ਜੀਵਨ ਜਿਊਣ ਦੇ ਡਰ ਤੋਂ
ਨੱਸ ਰਹੀ ਹੈ
ਭੀੜ ਤੋਂ ਪੁੱਛ ਜ਼ਿੰਦਗੀ ਤੋਂ ਵੀ
ਕੋਈ ਜਿਉਂਦੇ ਜੀਅ ਨੱਸ ਸਕਿਆ ਹੈ

-0-

ਉਹ ਚੁੱਪ ਸੀ
ਕਦੀ ਭੀੜ ਵੱਲ
ਕਦੀ ਆਪਣੇ ਵੱਲ਼
ਕਦੀ ਉਸ ਆਦਮੀ ਵੱਲ ਵੇਖਦਾ

-----

# ਦਰਪਣ ਤੇ ਚਿਹਰਾ

ਉਸ਼
ਦਰਪਣ ਚੋਂ ਚਿਹਰਾ ਤੱਕਿਆ
ਬੋਲਿਆ ਐ ਦਰਪਣ
ਮੇਰੇ ਜਿਹਾ ਕੋਈ ਹੋਰ ਨਹੀਂ
ਸੂਰਜ ਚੰਦਰਮਾ ਕੋਈ ਨਹੀਂ
ਮੇਰੇ 'ਚ
ਤਾਰਕਾ ਮੰਡਲ ਅਕਾਸ਼ ਹਨ
ਧਰਤੀਆਂ ਪਤਾਲ
ਲੋਕ ਤੇ ਸੁਗੰਧਾਂ ਦੇ ਨਿਵਾਸ ਹਨ

-0-

ਦਰਪਣ ਆਖਦਾ ਹੈ
ਤੂੰ ਝੂਠ ਬੋਲਦਾ ਹੈਂ ਭਰਮ ਪਾਲਦਾ ਹੈਂ
ਤੂੰ ਉਹ ਹੈਂ
ਜੋ ਸੱਚ ਨੂੰ ਦੇਗ਼ਾਂ 'ਚ ਉਬਾਲਦਾ ਹੈਂ
ਨੀਹਾਂ 'ਚ ਚਿਣਾਉਂਦਾ ਹੈਂ
ਅਭੀਮਨੂੰ ਦੁਆਲੇ
ਮੌਤ ਦਾ ਚੱਕਰਵਿਯੂ ਬੁਣਦਾ ਹੈਂ
ਦਰੋਪਤੀ ਨੂੰ ਦਾਅ ਤੇ ਲਾਉਂਦਾ ਹੈਂ
ਉਸ ਦਾ ਚੀਰ ਹਰਨ ਕਰਦਾ ਹੈਂ

-0-

ਕੰਜਕਾਂ ਦੀਆਂ ਜੋਤਾਂ
ਕੋਠਿਆਂ ਤੇ ਜਗਾਉਂਦਾ ਹੈਂ
ਨਾਰੀ ਦੀ ਸ਼ਰਮੋਂ ਹਯਾ

ਰੰਡੀਆਂ ਦੇ ਵਿਹੜੇਂ ਨਚਾਊਂਦਾ ਹੈਂ
ਧੀਆਂ ਭੈਣਾਂ ਬੱਚਿਆਂ ਦੇ ਜਿਸਮਾਂ ਦੀ
ਬੋਲੀ ਲਾਉਂਦਾ ਹੈਂ
ਤੂੰ ਲਾਸ਼ਾਂ ਦੇ ਢੇਰ ਤੇ ਖੜ੍ਹਾ
ਆਪਣੇ ਆਪ ਨੂੰ
ਇਨਸਾਨ ਕਹਾਉਂਦਾ ਹੈਂ

–0–

ਐ ਦਰਪਣ
ਮੈਂ ਜੇ ਗਜ਼ਨੀ ਹਾਂ
ਔਰੰਗਜ਼ੇਬ ਹਾਂ
ਤਾਂ ਭਾਈ ਕਨ੍ਹਈਆ ਵੀ ਹਾਂ
ਕ੍ਰਿਸ਼ਨ ਸ਼ੁਦਾਮਾ ਵੀ ਹਾਂ
ਪਵਨ ਪੁੱਤਰ ਹਾਂ ਰਾਮ ਵੀ ਹਾਂ
ਮੀਰਾਂ ਕਬੀਰ ਵੀ ਹਾਂ
ਰਾਜਾ ਰੰਕ ਸਾਧੂ ਫ਼ਕੀਰ ਵੀ ਹਾਂ

–0–

ਨਿਰਾ ਪੱਥਰ ਨਹੀਂ ਸ਼ੀਸ਼ਾ ਵੀ ਹਾਂ
ਜ਼ਾਲਮ ਵੀ ਹਾਂ ਦਯਾ ਵੀ ਹਾਂ
ਔੜਾਂ ਵੀ ਹਾਂ ਬਰਖਾ ਵੀ ਹਾਂ
ਵੈਸ਼ੀਆਂ ਦੀ ਜੀਭ ਤੇ
ਪਿਆਰ ਦਾ ਨਗ਼ਮਾਂ ਵੀ ਹਾਂ
ਕੋਇਲ ਦਾ ਬ੍ਰਿਹਾ
ਚੁੱਪ ਬੋਲ ਸ਼ੋਰ ਵੀ ਹਾਂ
ਕਦੀ ਆਪੇ ਤੋਂ ਦੂਰ ਵੀ ਹਾਂ
ਕਦੀ ਆਪੇ ਦੇ ਕੋਲ ਵੀ ਹਾਂ

ਫੁੱਲਾਂ ਕਲੀਆਂ ਦੀ ਮਹਿਕ ਵੀ ਹਾਂ
ਕੰਡਾ ਵੀ ਹਾਂ ਮਾਲੀ ਵੀ ਹਾਂ
ਚੰਨ ਹਾਂ ਚਕੋਰ ਹਾਂ
ਬਾਗ਼ਾਂ 'ਚ ਨੱਚਦਾ ਮੋਰ ਹਾਂ
ਲਾਵ੍ਹਾ ਹਾਂ ਤਾਂ ਜਲ ਵੀ ਹਾਂ
ਅੱਜ ਹਾਂ ਤਾਂ ਕੱਲ੍ਹ ਵੀ ਹਾਂ

-0-

ਐ ਦਰਪਣ
ਮੇਰੇ ਚਿਹਰੇ ਤੋਂ
ਮੇਰੀ ਪਹਿਚਾਣ ਨਾ ਕਰ
ਮੈਂ ਆਪਣਾ ਖੋਲ
ਆਪਣੇ ਤੋਂ ਉਤਾਰ ਕੇ
ਤੇਰੇ ਸਾਂਵੇਂ ਆਇਆ ਹਾਂ
ਹਰ ਵਾਰ
ਆਪਣੇ ਸੱਚ ਦੀ ਥਾਂ
ਤੇਰੇ 'ਚ ਆਦਤਨ ਵੱਸਦਾ
ਝੂਠ ਪਾਇਆ ਹੈ
ਮੈਂ ਸੱਚ ਹੋ ਕੇ ਵੀ
ਤੇਰਾ ਝੂਠ ਹੰਢਾਇਆ ਹੈ

-0-

ਤੈਨੂੰ
ਇਨਸਾਨ 'ਚ ਵੱਸਦੇ
ਇਨਸਾਨ ਦੀ ਪਹਿਚਾਣ ਨਹੀਂ
ਮੈਂ ਚਿਹਰੇ ਪਿਛਲਾ ਉਹ ਸੱਚ ਹਾਂ

ਜਿਸ ਦੀ ਤੈਨੂੰ ਸਿਆਣ ਨਹੀਂ
ਤੂੰ ਕੰਧ ਤੇ ਲਟਕਦਾ ਦਰਪਣ ਹੈਂ
ਮੈਂ ਤਾਂ
ਜਿਉਂਦਾ ਜਾਗਦਾ ਤੁਰਦਾ ਫਿਰਦਾ
ਇਨਸਾਨਾਂ 'ਚ ਵਿਚਰਦਾ ਇਨਸਾਨ ਹਾਂ
ਮੇਰੀ ਜਮ੍ਹਾਂ ਵੀ ਹੈ ਮਨਫ਼ੀ ਵੀ ਹੈ
ਮੈਂ ਨਾ ਨਿਰੀ ਜਮ੍ਹਾਂ ਹਾਂ
ਨਾ ਨਿਰੀ ਮਨਫ਼ੀ ਹਾਂ
ਮੈਂ ਜਮ੍ਹਾਂ ਮਨਫ਼ੀ ਦੀ ਸਿਰਜਣਾ
ਇਨਸਾਨ ਹਾਂ
ਨਾ ਕੋਈ ਭਗਵਾਨ ਹਾਂ

-0-

ਜਮ੍ਹਾਂ ਮਨਫ਼ੀ ਜ਼ਰਬੋ ਤਕਸੀਮ
ਸਭ ਮੇਰੇ ਰੂਪ ਹਨ
ਜੋ ਤੇਰਾ ਵਜ਼ੂਦ ਹਨ
ਤੂੰ ਕਿਸ ਰੂਪ ਨੂੰ
ਆਪਣੇ ਸੱਚ ਦਾ ਅਰਘਾ ਚੜ੍ਹਾਉਂਦਾ ਹੈਂ
ਕਿਸ ਰੂਪ ਦਾ ਦੀਵਾ
ਆਪਣੇ ਮੱਥੇ 'ਚ ਜਗਾਉਂਦਾ ਹੈ
ਤੂੰ ਬਿਹਤਰ ਜਾਣਦਾ ਹੈਂ
ਆਪਣੀ ਘਸਵੱਟੀ ਦਾ ਸੱਚ ਪਹਿਚਾਣਦਾ ਹੈਂ

----

# ਪੈਰ ਤੇ ਰਾਹ

ਨਾ ਰਾਹਾਂ ਦੀ ਕੋਈ ਹੱਦ ਸੀ
ਨਾ ਤੁਰਦੇ ਪੈਰਾਂ ਦੀ ਕੋਈ ਸੀਮਾ
ਪੈਰਾਂ 'ਚ ਦਿਸਹੱਦੇ ਸਮਾਏ ਸਨ
ਰਾਹਾਂ ਚੋਂ ਖੰਭ ਉੱਗ ਆਏ ਸਨ।

-0-

ਰਾਹ
ਸਹਿਰਾ ਸਾਗਰ 'ਚ
ਉਤਰਦੇ ਸਨ
ਅੰਬਰਾਂ ਧਰਤੀਆਂ
ਪਹਾੜਾਂ ਜੰਗਲਾਂ ਚੋਂ
ਗੁਜ਼ਰਦੇ ਸਨ

-0-

ਪੈਰ
ਨਾ ਰਾਹਾਂ 'ਚ ਰੁਕਦੇ ਸਨ
ਨਾ ਮੰਜ਼ਿਲਾਂ ਤੇ ਠਹਿਰਦੇ ਸਨ
ਬਸ ਤੁਰਦੇ ਹੀ ਤੁਰਦੇ ਸਨ
ਜਿੱਥੋਂ ਤਕ ਰਾਹ ਤੁਰਦੇ ਸਨ
ਜਿੱਥੋਂ ਤਕ ਸਾਹ ਤੁਰਦੇ ਸਨ

-0-

ਤੁਰਦੇ ਪੈਰਾਂ 'ਚ
ਹਵਾਵਾਂ ਦੀ ਗਤੀ
ਦਰਿਆਵਾਂ ਦਾ ਵੇਗ ਸੀ

ਸੂਰਜਾਂ ਦਾ ਤੇਜ਼
ਧਰਤਈ ਊਰਜਾ ਸੀ
ਨਿਰੰਤਰਤਾ ਹਮੇਸ਼ ਸੀ

-0-

ਪੈਰਾਂ ਚੋਂ ਸਫ਼ਰ ਜਨਮਦਾ ਸੀ
ਸਫ਼ਰ ਚੋਂ ਪੈਰ ਜਨਮਦੇ ਸਨ
ਜਿਉਂਦੇ ਜੀਅ
ਇਕ ਦੂਜੇ ਚੋਂ ਪੁੰਗਰਦੇ ਸਨ
ਨਾ ਪੈਰ ਥੱਕਦੇ ਸਨ
ਨਾ ਸਫ਼ਰ ਮੁੱਕਦਾ ਸੀ
ਇਹ ਸਿਲਸਿਲਾ
ਬੀਜ ਤੇ ਰੁੱਖ ਦਾ
ਰਾਹਾਂ ਤੇ ਪੈਰਾਂ ਦਾ
ਅਜ਼ਲ ਤੋਂ ਪਹਿਲਾਂ ਵੀ ਚਲਦਾ ਸੀ
ਅਜ਼ਲ ਤੋਂ ਪਿਛੋਂ ਵੀ ਚਲਦਾ ਸੀ

-0-

ਪੈਰ
ਰਾਹਾਂ ਤੇ ਤੁਰਦੇ ਤੁਰਦੇ
ਏਨੀ ਦੂਰ ਨਿਕਲ ਗਏ
ਕਿ ਦੁਨੀਆਂ ਪਿੱਛੇ ਰਹਿ ਗਈ
ਰਾਹ ਪੈਰਾਂ ਹੇਠ
ਏਨੀ ਦੂਰ ਤੱਕ ਫੈਲੇ
ਕਿ ਧਰਤ ਪਿੱਛੇ ਰਹਿ ਗਈ
ਪੈਰ ਵੀ ਇਕੱਲੇ ਹੋ ਗਏ
ਰਾਹ ਵੀ ਇਕੱਲੇ ਹੋ ਗਏ

-0-

ਏਕਿਆਂ ਚੋਂ
ਸਿੜਰੇ ਮਨਫ਼ੀ ਹੋ ਗਏ
ਸਿਫ਼ਰਿਆਂ ਚੋਂ
ਏਕੇ ਮਨਫ਼ੀ ਹੋ ਗਏ
ਸਿਫ਼ਰਿਆਂ 'ਚ
ਏਕਿਆਂ ਦਾ
ਅਕਾਰ ਪਿੱਛੇ ਰਹਿ ਗਿਆ
ਏਕਿਆਂ 'ਚ
ਸਿਫ਼ਰਿਆਂ ਦ਼ਾ ਵਿਸਥਾਰ
ਪਿੱਛੇ ਰਹਿ ਗਿਆ

-0-

ਨਾ ਰਾਹਾਂ ਦੀ ਕੋਈ ਹੱਦ ਸੀ
ਨਾ ਤੁਰਦੇ ਪੈਰਾਂ ਦੀ ਕੋਈ ਸੀਮਾਂ
ਪੈਰਾਂ 'ਚ ਦਿਸਹੱਦੇ ਸਮਾਏ ਸਨ
ਰਾਹਾਂ ਚੋਂ ਖੰਭ ਉੱਗ ਆਏ ਸਨ

-0-

## ਦੁਨੀਆਂ ਦੀ ਗਲੀ

ਦੁਨ਼ੀਆਂ ਦੀ ਗਲੀ 'ਚ
ਨੁੱਕਰ 'ਚ ਬੈਠੀ
ਜ਼ਿੰਦਗੀ ਹੈ ਠਰ ਰਹੀ
ਸੂਰਜ ਚੜ੍ਹਣ ਦੀ
ਉੱਡੀਕ ਕਰ ਰਹੀ

-0-

ਗਲੀ ਚੋਂ ਗੁਜ਼ਰਦਾ
ਹਰ ਸ਼ਖ਼ਸ
ਹਰ ਇੱਟ ਹੈ ਵੇਖਦੀ
ਜ਼ਿੰਦਗੀ ਦੀ ਬਾਤ
ਕੋਈ ਪਾਉਂਦਾ ਨਹੀਂ
ਤਿੜਕਿਆ ਜ਼ਿੰਦਗੀ ਦਾ ਚਿਹਰਾ
ਲੋਕਾਂ ਨੂੰ ਨਜ਼ਰ ਆਉਂਦਾ ਨਹੀਂ
ਜ਼ਿੰਦਗੀ ਨੂੰ
ਆਦਮੀ ਚੋਂ ਆਦਮੀ
ਆਦਮੀ ਚੋਂ
ਆਪਣਾ ਕੁੱਝ ਵੀ ਨਜ਼ਰ ਆਉਂਦਾ ਨਹੀਂ

-0-

ਇਕ ਫ਼ਾਸਲਾ ਹੈ
ਜਿਸ ਦੀ ਸੂਲੀ ਤੇ ਲਟਕਦੀ ਹੈ ਜ਼ਿੰਦਗੀ
ਅੰਬਰ ਸੂਰਜ ਹੋ ਗਿਆ
ਪਰ ਰੋਸ਼ਨੀ ਦੀ ਕਿਰਨ ਲਈ
ਧਰਤ ਤੇ ਤਰਸਦੀ ਹੈ ਜ਼ਿੰਦਗੀ

ਜ਼ਿੰਦਗੀ ਦੀ
ਕੋਈ ਕੀਮਤ ਨਹੀਂ
ਵਿਸ਼ਵ ਦੇ ਬਜ਼ਾਰ 'ਚ
ਜਿੱਥੋਂ ਤੁਰੀ ਸੀ ਉਥੇ ਖੜ੍ਹੀ ਹੈ
ਜ਼ਿੰਦਗੀ ਸਫ਼ਰ ਦੇ ਸੰਸਾਰ 'ਚ
ਚੰਨ ਸੂਰਜ ਤਾਰੇ
ਧਰਤੀ ਦੀ ਤਲੀ ਤੇ
ਧਰ ਗਿਆ ਹੈ ਆਦਮੀ
ਪਰ ਪ੍ਰਾਪਤੀ ਹੈ
ਆਦਮੀ ਦੀ ਦਿੱਸ ਰਹੀ
ਮਨਫ਼ੀ ਹੈ
ਸਫ਼ਰ ਦੇ ਇਸ ਹਸ਼ਰ ਚੋਂ
ਪਰ ਆਦਮੀ

-0-

ਪੱਥਰ ਉੱਗੇ ਹਰ ਤਰਫ਼
ਪੱਥਰਾਂ ਤੋਂ ਪੱਥਰਾਂ ਦਾ ਸਫ਼ਰ ਹੈ
ਆਦਮੀ ਤਕ ਆਦਮੀ ਕੋਈ ਨਹੀਂ
ਜੀਅ ਰਹੇ ਹਨ ਲੋਕ
ਪਰ ਜ਼ਿੰਦਗੀ ਕੋਈ ਨਹੀਂ
ਆਦਮੀ 'ਚ ਜ਼ਿੰਦਗੀ
ਜ਼ਿੰਦਗੀ 'ਚ ਆਦਮੀ ਕੋਈ ਨਹੀਂ

-0-

ਅਜ਼ਨਬੀ ਹੈ
ਆਦਮੀ ਲਈ ਜ਼ਿੰਦਗੀ
ਜ਼ਿੰਦਗੀ ਹੈ

ਆਦਮੀ ਲਈ ਅਜ਼ਨਬੀ
ਮੁਰਦਾ ਲੋਕ ਹਨ
ਜ਼ਿੰਦਗੀ ਧਰਤ ਹੈ ਸ਼ਮਸ਼ਾਨ ਦੀ
ਨਾ ਜ਼ਿੰਦਗੀ ਲਈ ਧਰਤ ਹੈ
ਨਾ ਧਰਤ ਹੈ ਅਸਮਾਨ ਲਈ

-0-

ਧਰਤ ਤੇ ਮੁਰਦਾ ਹੈ ਉਹ
ਚੰਨ ਤੇ ਜੋ ਵਿਚਰਦਾ
ਅੰਬਰੀਂ ਜੋ ਰਹਿ ਰਿਹਾ ਹੈ
ਆਦਮੀ ਜੋ ਬਣ ਨਾ ਸਕਿਆ
ਰੱਬ ਬਣ ਕੇ ਬਹਿ ਗਿਆ ਹੈ
ਮਿੱਟੀ ਦੀ ਹੈ ਉਹ ਸਿਰਜਣਾ
ਜਿਸ ਨੂੰ ਪਰਾਈ ਕਹਿ ਰਿਹਾ ਹੈ
ਨਾ ਜ਼ਿੰਦਗੀ ਮਨੁੱਖ ਦੀ
ਨਾ ਮਨੁੱਖ ਜ਼ਿੰਦਗੀ ਦੀ ਰਾਸ ਹੈ
ਮਨੁੱਖ ਨੇ ਜੋ ਸਿਰਜਿਆ
ਮਨੁੱਖ ਲਈ ਬਨਵਾਸ ਹੈ
ਜ਼ਿੰਦਗੀ ਦਾ ਦਰਪਣ ਹੈ
ਸਾਵੇਂ ਲਟਕਦਾ
ਵੇਖਣ ਲਈ ਆਪ ਬੰਦਾ
ਆਪਣਾ ਮੁਥਾਜ਼ ਹੈ

-0-

ਸੁਆਰਨਾ ਸੀ
ਜ਼ਿੰਦਗੀ ਦਾ ਹਰ ਨਕਸ਼
ਇਨਸਾਨ ਨੇ

ਬਣਨਾ ਸੀ ਆਦਮੀ ਹੈਵਾਨ ਨੇ
ਸਿਰਜਣਾ ਸੀ
ਸੂਰਜਾਂ ਦਾ ਕਾਫ਼ਲਾ
ਜ਼ਿੰਦਗ਼ੀ ਦੇ ਅਕਾਸ਼ ਲਈ
ਹਰਿਆਵਲੀ ਧਰਤ ਜਨਮਣੀ ਸੀ
ਜ਼ਿੰਦਗੀ ਦੇ ਵਾਸ ਲਈ
ਅੱਗੀਂ ਦਾ ਅਸਮਾਨ ਸਿਰ ਤੇ
ਛਾਲਿਆਂ ਦੀ ਧਰਤ ਪੈਰੀਂ
ਇਨਸਾਨ ਜ਼ਿੰਦਗੀ ਦੇ ਧਰ ਗਿਆ
ਆਪ ਜਿਉਂਦਾ ਮਰ ਗਿਆ
ਜ਼ਿੰਦਗੀ ਕਬਰਾਂ ਕਰ ਗਿਆ

----

## ਨੀਹਾਂ

ਉਸ ਸ਼ਹਿਰ ਨੂੰ
ਸੱਚ ਸੁਣਾਇਆ ਸੀ
ਬਦਲੇ 'ਚ ਸ਼ਹਿਰ ਨੇ
ਉਸ ਨੂੰ ਜਿਉਂਦੇ ਜੀਅ
ਨੀਹਾਂ 'ਚ ਚਿਣਾਇਆ ਸੀ

-0-

ਉਹ ਮਨੁੱਖ ਪ੍ਰਸਤ
ਸ਼ਹਿਰ ਦੇ ਰੱਬ ਦੇ ਖਿਲਾਫ਼ ਸੀ
ਸ਼ਹਿਰ ਦੀਆਂ ਸੜਕਾਂ
ਗਲੀਆਂ ਬਜ਼ਾਰਾਂ ਦੇ ਖਿਲਾਫ਼ ਸੀ
ਸ਼ਹਿਰੀ ਪਤਵੰਤਿਆਂ
ਅਹਿਲਕਾਰਾਂ ਦੇ ਖਿਲਾਫ਼ ਸੀ
ਸ਼ਹਿਰੀ ਰੰਗ ਰੂਪ
ਜੀਭਾਂ ਅੱਖ੍ਹਾਂ ਕੰਨਾਂ ਤੇ ਵਜ਼ੂਦ ਦੇ
ਖਿਲਾਫ਼ ਸੀ
ਉਹ ਸ਼ਹਿਰ 'ਚ
ਸਭ ਦੇ ਖਿਲਾਫ਼ ਸੀ

-0-

ਸ਼ਹਿਰ ਦੀਆਂ ਸੜਕਾਂ ਤੇ
ਸ਼ਹਿਰ ਦਾ ਝੂਠ ਤੁਰਦਾ ਸੀ
ਗਲੀਆਂ 'ਚ ਸੱਚ ਫਾਂਸੀ ਲੱਗਦਾ ਸੀ
ਬਜ਼ਾਰਾਂ 'ਚ ਸੱਚ ਦੀ ਕੁੱਖ ਦੇ
ਟੁੱਕੜੇ ਵਿੱਕਦੇ ਸਨ

ਸ਼ਹਿਰ ਦੇ ਰੰਗ ਰੂਪ ਜੀਭਾ ਤੇ ਨਜ਼ਰ ਨੂੰ
ਸੱਚ ਦੀ ਬਲੀ ਦਾ ਅਰਘਾ
ਰੋਜ਼ ਚੜ੍ਹਦਾ ਸੀ

-0-

ਜਦ ਨੀਹਾਂ ਦੀਆਂ ਕੰਧਾਂ
ਉਸ ਦੀ ਗਰਦਨ ਤਕ ਆਈਆਂ
ਸੱਚ ਦੀ ਅਵਾਜ਼
ਆਪਣੇ ਨਾਲ ਲੈ ਆਈਆਂ
ਸੱਚ ਸੜਕਾਂ ਗਲੀਆਂ
ਬਜ਼ਾਰਾਂ 'ਚ ਗੂੰਜਿਆ
ਸੱਚ ਸ਼ਹਿਰ ਦੀ ਹਰ ਇੱਟ
ਹਰ ਘਰ
ਹਰ ਬਸਤੀ ਚੋਂ ਬੋਲਿਆ
ਜਿੱਥੇ ਝੂਠ ਦੀ ਹੱਦ ਹੈ
ਉੱਥੇ ਸੱਚ ਦਾ ਅਗਾਜ਼ ਹੈ
ਸੱਚ ਦੀ ਧਰਤ ਹੈ
ਸੱਚ ਦਾ ਅਕਾਸ਼ ਹੈ

-0-

ਜਦ ਨੀਹਾਂ ਦੀਆਂ ਕੰਧਾਂ
ਉਸ ਨੂੰ ਸਿਰ ਤੋਂ ਪੈਰਾਂ
ਤੀਕਣ ਖਾ ਲਿਆ
ਤਾਂ ਉਸ ਦੇ ਲਹੂ ਨੇ
ਆਪਣੇ ਆਪ ਚੋਂ
ਸ਼ਹਿਰ ਸੱਚ ਦਾ ਉੱਗਾ ਲਿਆ

ਜਿਸ ਦੀਆਂ ਸੜਦਾਂ
ਬਜ਼ਾਰਾਂ 'ਚ ਸੱਚ ਤੁਰਦਾ ਸੀ
ਗਲੀਆਂ 'ਚ ਸੱਚ ਖੇਡਦਾ ਸੀ
ਤੇ ਨੀਹਾਂ ਦੀਆਂ ਕੰਧਾਂ ਚੋਂ
ਸ਼ਹਿਰ ਦੇ ਸੱਚ ਨੂੰ
ਸੱਚ ਵੇਖਦਾ ਸੀ

-0.-

ਉਸ ਸ਼ਹਿਰ ਨੂੰ
ਸੱਚ ਸੁਣਾਇਆ ਸੀ
ਬਦਲੇ 'ਚ ਸ਼ਹਿਰ ਨੇ
ਉਸ ਨੂੰ ਜਿਉਂਦੇ ਜੀਅ
ਨੀਹਾਂ 'ਚ ਚਿਣਵਾਇਆ ਸੀ

----

# ਸਵੈ ਤਰਜੀਹ

ਸਵੈ ਤਰਜੀਹ ਦਾ ਸਫ਼ਰ
ਜਦ ਪੈਰ ਕਰਦੇ ਹਨ
ਆਪਣੇ ਸਿਰ ਤੇ
ਇਕ ਸਿਰ ਹੋਰ ਧਰਦੇ ਹਨ
ਜਿਸ ਨੂੰ ਸਫ਼ਰ ਦੀ
ਸਿਖ਼ਰ ਨਾਲ ਭਰਦੇ ਹਨ
ਮਿੱਟੀ ਚੋਂ ਮਿੱਟੀ ਮਾਰਦੇ ਹਨ
ਅਕਾਸ਼ ਬੁਣਦੇ ਹਨ
ਅਕਾਸ਼ ਸਿਰਜਦੇ ਹਨ
ਅਕਾਂਸ਼ ਹੀ
ਅਕਾਸ਼ ਉਚਾਰਦੇ ਹਨ

-0-

ਅਕਾਸ਼ ਜਿਉਂਦਾ ਸਿਰ
ਮਿੱਟੀ ਦੇ ਧੜ ਤੇ ਲੱਗੇ ਸਿਰ
ਸੂਲੀ ਚਾੜ੍ਹਦਾ ਹੈ
ਲਹੂ 'ਚ ਕੰਧਾਂ
ਉਸਾਰਦਾ ਹੈ
ਜੜ੍ਹਾਂ ਨੂੰ
ਰੁੱਖ ਦਿਆਂ ਫੱਲਾਂ 'ਚ
ਤਕਸੀਮ ਕਰਦਾ ਹੈ
ਫ਼ਰਿਆਦ ਦੀ ਜੀਭਾ ਟੁੱਕਦਾ ਹੈ
ਜੀਵਨ ਲਈ ਸ਼ਮਸ਼ਾਨ
ਮਨੁੱਖਤਾ ਲਈ ਕਬਰਾਂ ਪੁੱਟਦਾ ਹੈ

-0-

ਅਕਾਸ਼ ਜਿਉਂਦਾ ਸਿਰ
ਤੱਤੀ ਤਵੀ ਹੈ ਸ਼ਰਹੰਦ ਦੀ ਨੀਂਹ ਹੈ
ਸਿਰ ਤੇ ਚਲਦਾ ਆਰਾ ਹੈ
ਖੋਪਰੀਆਂ ਦਾ ਉਤਾਰਾ ਹੈ
ਸੱਚ ਨੂੰ ਦੇਗ਼ਾਂ 'ਚ ਉਬਾਲਦਾ ਹੈ
ਪੁਰਜਾ ਪੁਰਜਾ ਅੰਗ ਕੱਟਦਾ ਹੈ
ਧਰਤੀ ਤੋਂ ਟੁੱਟਾ ਸਿਰ
ਮੁਹੱਬਤ ਦੁਆਲੇ
ਕੰਧਾਂ ਉਸਾਰਦਾ ਹੈ
ਸਵੈ ਤਰਜੀਹ ਦਾ ਆਗਾਜ਼
ਆਪਣੇ ਬਿੰਦੂ ਦੀ ਪ੍ਰਕਰਮਾਂ ਹੈ
ਸਵੈ ਤਰਜੀਹ ਦਾ ਹਸ਼ਰ
ਆਪਣੇ ਬਿੰਦੂ ਦਾ ਅਕਾਰ ਹੈ
ਆਪਣੀ ਸਿਰਜਣਾ 'ਚ
ਆਪ ਵਿਚਰਨ ਦਾ ਵਿਸਥਾਰ ਹੈ

-0-

ਮਨੁੱਖ
ਆਪਣੇ ਬਿੰਦੂ ਚੋਂ
ਬਿੰਦੂ ਉਸਾਰਦਾ ਉਸਾਰਦਾ
ਉਸਾਰਦਾ ਹੀ ਜਿਉਂਦਾ ਹੈ
ਆਪਾ ਸਾਕਾਰਦਾ ਸਾਕਾਰਦਾ ਹੀ
ਮਰ ਜਾਂਦਾ ਹੈ
ਆਪਣੀ ਮਿੱਟੀ ਦੀ ਢੇਰੀ ਨੂੰ
ਕਰਜ਼ਈ ਕਰ ਜਾਂਦਾ ਹੈ

-0-

ਸਵੈ ਪ੍ਰਕਰਮਿਤ ਵਿਅਕਤੀ ਨੂੰ
ਆਪਣਾ ਸੱਚ ਜਾਣਨ ਦੀ ਲੋੜ ਹੈ
ਆਪਣੀ ਮਿੱਟੀ 'ਚ
ਮਿੱਟੀ ਦਾ ਦੀਵਾ
ਬਾਲਣ ਦੀ ਲੋੜ ਹੈ
ਜਿਸ ਦੀ ਜੋਤ
ਮਨੁੱਖ ਦੇ ਪ੍ਰਾਣਾਂ ਦਾ ਪ੍ਰਾਣ ਹੈ
ਜੋਤ ਜੋ
ਸਵੈ ਤਰਜੀਹ ਦੇ ਭਰਮ ਦੀ
ਪਹਿਚਾਣ ਹੈ
ਜੋਤ ਜਿਸ ਦੇ ਚਾਨਣ ਚੋਂ
ਮਨੁੱਖ ਆਪਣੀ
ਮਿੱਟੀ ਦੀ ਮਹਿਕ ਮਹਿਸੂਸ ਕਰਦਾ ਹੈ
ਆਪਣੀ ਜੜ੍ਹ ਸੰਗ ਜੁੜਦਾ ਹੈ.
ਸਿਰ ਤੋਂ ਪੈਰਾਂ 'ਚ ਉਤਰਦਾ ਹੈ
ਤਾਂ ਕਿ ਮਰਨ ਪਿੱਛੋਂ
ਮਿੱਟੀ ਦੀ ਢੇਰੀ
ਜ਼ਿੰਦਗੀ ਦੀ ਅੱਖ 'ਚ ਅੱਖ ਪਾ ਕੇ
ਆਪਣਾ ਸਿਰ ਉੱਠਾ ਸਕੇ
ਜ਼ਿੰਦਗੀ ਦਾ ਸੱਚ ਕਹਾ ਸਕੇ

----

## ਅੱਖਾਂ ਦਾ ਸਫ਼ਰ

ਉਹ ਵਰਤਮਾਨ ਤੇ
ਭਵਿੱਖ ਦੀ ਅੱਖ ਸੀ
ਭੂਤ ਲਈ ਨੇਤਰਹੀਣ ਸੀ
ਬੰਜਰ ਜ਼ਮੀਨ ਸੀ

-0-

ਭੂਤ ਦੀਆਂ ਅੱਖਾਂ
ਚੁੱਪ ਜਿਉਂਦੀਆਂ
ਉਦਾਸੀ ਹੰਢਾਉਂਦੀਆ
ਵੇਖਦੀਆਂ ਬੋਲਦੀਆਂ
ਨਾ ਸੁਣਦੀਆਂ
ਉਡੀਕ ਨਾ ਪਿਆਸ ਇਨ੍ਹਾਂ 'ਚ
ਇਹ ਸਿਰਫ਼ ਧੁੱਖਦੀਆਂ
ਬਲਦੀਆਂ ਨਾ ਬੁੱਝਦੀਆਂ
ਅੱਥਰੂਆਂ 'ਚ ਡੁੱਬਦੀਆਂ
ਆਪਣਾ ਗ਼ਮ ਪੀ ਰਹੀਆਂ ਸਨ
ਬਦਨਸੀਬ ਸਨ
ਚਿਹਰਿਆਂ ਬਿਨ
ਜੀਅ ਰਹੀਆਂ ਸਨ
ਇਨ੍ਹਾਂ ਦੀ ਨਾ ਪਹਿਚਾਣ ਸੀ ਕੋਈ
ਨਾ ਸਿਆਣ ਸੀ ਕੋਈ
ਨਾ ਵਰਤਮਾਨ ਦੀ ਪੈਰਾਂ 'ਚ ਧਰਤ ਸੀ
ਨਾ ਸਿਰ ਤੇ ਭਵਿੱਖ ਦਾ ਅਸਮਾਨ ਸੀ ਕੋਈ

-0-

ਵਰਤਮਾਨ ਦੀਆਂ ਅੱਖ੍ਹਾਂ 'ਚ
ਅੱਖ੍ਹਾਂ ਸਨ
ਚਿਹਰਿਆਂ ਦੇ ਹੰਜੂਮ ਸਨ
ਅੱਖ੍ਹਾਂ 'ਚ
ਅੱਖ੍ਹਾਂ ਦੀ ਆਵਾਜਾਈ ਸੀ
ਰੰਗ ਖ਼ੁਸ਼ਬੂਆਂ ਸਨ
ਚੰਨਾਂ ਸੂਰਜਾਂ ਤਾਰਿਆਂ ਦੀ
ਰੁਸ਼ਨਾਈ ਸੀ

-0-

ਇਹ ਅੱਖ੍ਹਾਂ
ਅੱਖ੍ਹਾਂ 'ਚ ਤੁਰਦੀਆਂ
ਅੱਖ੍ਹਾਂ 'ਚ ਘੁਲਦੀਆਂ
ਸੁਨਹਿਰੀ ਖ਼ੁਆਬ ਬੁਣਦੀਆਂ
ਇਨ੍ਹਾਂ ਅੱਖ੍ਹਾਂ 'ਚ
ਸੱਚ ਸੁੰਦਰਤਾ ਕਲਿਆਣ ਸੀ
ਚਾਂਦੀ ਦੀ ਧਰਤ ਸੀ
ਸੋਨੇ ਦਾ ਅਸਮਾਨ ਸੀ

-0-

ਇਨ੍ਹਾਂ ਦੇ ਦਿਸਹੱਦਿਆਂ ਤੇ
ਜ਼ਿੰਦਗੀ ਖੜ੍ਹੀ ਹੈ
ਹੋਂਦ ਤੇ ਸ਼ਨਾਖ਼ਤ ਖੜ੍ਹੀ ਹੈ
ਇਹ ਸਿਰਜਕ ਵੀ ਹਨ
ਸਿਰਜਣਾ ਵੀ ਹਨ
ਦਿਸ਼ਾਵਾਂ ਤੇ ਦ੍ਰਿਸ਼ਟੀਆਂ ਦੀ
ਤਲਾਸ਼ ਹਨ

ਇਨ੍ਹਾਂ ਚੋਂ ਪੁੰਗਰਦੇ ਆ ਰਹੇ
ਰਾਹ ਤੇ ਮੰਜ਼ਿਲਾਂ
ਮੁਸਾਫ਼ਰਾਂ ਦੇ ਮਸਤਕ ਦਾ
ਜਗਦਾ ਚਿਰਾਗ਼ ਹਨ

-0-

ਭਵਿੱਖ ਦੀਆਂ ਅੱਖ਼ਾਂ
ਧਰਤੀ ਚੋਂ ਉੱਗਦੀਆਂ ਹਨ
ਸਮੇਂ ਦੇ ਮੱਥੇ 'ਚ ਪੁੱਗਦੀਆਂ ਹਨ
ਸਹਿਰਾ 'ਚ
ਸਾਗਰ ਧਰਦੀਆਂ ਹਨ
ਇਹ ਮੁਸਾਫਰਾਂ ਦਾ
ਸੱਚ ਤੇ ਸੰਕਲਪ ਹਨ
ਵਰਤਮਾਨ ਦੀ ਮਿੱਟੀ ਦਾ
ਕਾਰਜ ਕਰਮ ਹਨ
ਇਹ ਸੂਰਜਾਂ ਚੰਨਾਂ ਤਾਰਿਆਂ
ਦੇ ਰੁੱਖ ਹਨ
ਇਹ ਧਰਤੀ 'ਚ
ਅੰਬਰ ਦੀ ਕੁੱਖ ਹਨ
ਬ੍ਰਹਿਮੰਡਕ ਸੀਮਾ ਅਸੀਮਾ ਹਨ
ਇਹ ਰਾਹੀਆਂ ਰਾਹਾਂ ਤੇ ਮੰਜ਼ਿਲਾਂ ਦੇ
ਸਫ਼ਰ ਦਾ ਕਰੀਨਾ ਹਨ
ਇਹ ਮਨੁੱਖਤਾ ਦੇ ਮੱਥੇ ਦੀ ਜੋਤੀ ਹਨ
ਜਿਸਮ ਦੇ ਲਹੂ ਦਾ ਪਸੀਨਾ ਹਨ

-0-

ਇਹ ਅੱਖ਼ਾਂ
ਸਮੇਂ ਨੂੰ ਉਂਗਲੀ ਲਾ
ਖ਼ੁਆਬ ਤੋਂ ਹਕੀਕਤ
ਬੀਜ ਤੋਂ ਰੁੱਖ
ਰੁੱਖ ਤੋਂ ਜੰਗ਼ਲ ਤੱਕ ਲੈ ਜਾਂਦੀਆਂ ਹਨ
ਸ਼ੋਖੀਆਂ ਮਹਿਕ਼ਾਂ ਰੰਗਾਂ ਤੇ
ਸਰਗੋਸ਼ੀਆਂ ਦਾ
ਯਥਾਰਥ ਵਿਖਾਉਂਦੀਆਂ ਹਨ
ਇਹ ਸਮੇਂ ਦਾ ਹਾਣ ਹਨ
ਸੱਚ ਦੀ ਪਹਿਚਾਣ ਹਨ
ਵਿਸ਼ਵ ਦਾ ਜ਼ਿਸਮ
ਜ਼ਿੰਦ ਜਾਨ ਹਨ

-0-

ਉਹ ਵਰਤਮਾਨ ਤੇ
ਭਵਿੱਖ ਦੀ ਅ਼ੱਖ਼ ਸੀ
ਭੂਤ ਲਈ ਨੇ਼ਤਰ਼ਹੀਣ ਸੀ
ਬੰਜ਼ਰ ਜ਼ਮੀਨ ਸੀ

-----

## ਸ਼ਾਹ ਸਵਾਰ

ਉਹ ਜਦ ਵੀ ਤੁਰਿਆ
ਆਪਾ ਸਿਰਜਦਾ ਤੁਰਿਆ
ਕਦੀ ਬਿੰਦੂਆਂ
ਕਦੀ ਦਾਇਰਿਆਂ
ਕਦੀ ਵਕਤਾਂ ਠਹਿਰਿਆਂ ਚੋਂ
ਗੁਜ਼ਰਿਆ

–0–

ਉਹ ਜੰਗੀ ਬਸਤਰਾਂ 'ਚ
ਘੋੜੇ ਤੇ ਸਵਾਰ
ਮੈਦਾਨੇ ਜੰਗ 'ਚ ਉਤਰਿਆ
ਹੱਥ 'ਚ ਫੜੀ ਤਲ਼ਵਾਰ ਸੰਗ
ਉਸ ਆਪਣੇ ਸਾਵੇਂ ਖੜ੍ਹੇ
ਆਪੇ ਤੇ ਵਾਰ ਕਰ ਦਿੱਤਾ
ਉਸ ਦਾ ਸਿਰ ਕੱਟਿਆ ਗਿਆ
ਉਸ ਦੁਆਲੇ
ਉਸ ਦੀ ਸ਼ਿਕੱਸਤ ਰਚੀ ਗਈ
ਉਸ ਦਾ ਧੜ ਘੋੜੇ ਤੇ
ਸਿਰ ਧਰਤੀ ਤੇ ਪਿਆ ਸੀ

–0–

ਮੈਦਾਨੇ ਜੰਗ 'ਚ
ਉਸ ਦਾ ਕੱਟਿਆ ਸਿਰ
ਭੜੋਲੀ 'ਚ ਪਈ ਤੌੜੀ ਲਈ ਦਾਲ਼ ਦਾ
ਚੁੱਲ੍ਹੇ ਤੇ ਤੱਪਦੇ ਤਵੇ ਲਈ

ਰੋਟੀ ਦੀ ਉਡੀਕ ਕਰ ਰਿਹਾ ਸੀ
ਸਿਰ ਬਿਨਾਂ ਧੜ
ਚੁੱਲ੍ਹੇ 'ਚ ਬਲ ਰਿਹਾ ਸੀ

-0-

ਉਸ ਦੇ ਚਿਤਰਪਟ ਤੇ
ਪਤਨੀ ਤੇ ਦੋ ਬਾਲਾਂ ਦੇ ਭੁੱਖੇ ਢਿੱਡ
ਠੰਡਾ ਚੁੱਲ੍ਹਾ ਪਿਆਸਾ ਘੜਾ
ਤੇ ਖ਼ਾਲੀ ਅੰਨ ਦਾ ਪੀਪਾ
ਉਹਦੇ ਪਰਤਣ ਦੀ ਆਸ ਲਾਈ
ਬੈਠੇ ਸਨ
ਬੂਹੇ ਦੀ ਸਰਦਲ ਤੇ
ਨੈਣਾਂ ਦੇ ਬੁੱਝਦੇ ਦੀਵੇ ਜਗਾਈ ਬੈਠੇ ਸਨ

-0-

ਇਹ ਪਹਿਲੀ ਵਾਰ ਸੀ
ਜਦ ਉਸ ਬਾਲਾਂ ਦੀ ਭੁੱਖ
ਕੂੰਨੀ ਦੀ ਦਾਲ
ਤੱਵੇ ਦੀ ਰੋਟੀ
ਤੇ ਪਤਨੀ ਦੀ ਉਡੀਕ ਲਈ
ਆਪਣੇ ਆਪ ਨੂੰ
ਸਿਰਜਣਾ ਚਾਹਿਆ

-0-

ਦੂਜੀ ਵਾਰ
ਉਸ ਸਿਰਫ਼ ਤੇ ਸਿਰਫ਼
ਆਪਣੇ ਆਪ ਨੂੰ ਸਿਰਜਣ ਲਈ
ਜੰਗੀ ਲਿਬਾਸ ਪਹਿਨਿਆ

ਘੋੜੇ ਤੇ ਸਵਾਰ
ਹੱਥ 'ਚ ਫੜੀ ਤਲਵਾਰ
ਮੈਦਾਨੇ ਜ਼ੰਗ 'ਚ ਉਤਰਿਆ
ਤਾਂ ਧਰਤੀ ਤੇ ਪਏ
ਉਸ ਦੇ ਕੱਟੇ ਸਿਰ ਨੇ
ਉਸ ਤੇ ਵਾਰ ਕਰ ਦਿੱਤਾ
ਦੋਹਾਂ ਦੇ ਕੱਟੇ ਸਿਰ
ਧਰਤੀ ਤੇ ਪਏ ਸਨ
ਇਕ ਸਿਰਜਣਾ ਦਾ ਸੀ
ਇਕ ਸਿਰਜਕ ਦਾ ਸੀ

-0-

ਉਸ ਦੇ ਚਿਤਰਪਟ ਤੇ
ਬਾਲਾਂ ਦੀ ਭੁੱਖ ਮਿੱਟ ਗਈ
ਪਤਨੀ ਦੀ ਉੱਡੀਕ ਮੁੱਕ ਗਈ
ਕੁੰਨੀ ਦੀ ਦਾਲ ਦਾ ਪਾਣੀ ਉਬਲਿਆ
ਤੱਵੇ ਦੀ ਰੋਟੀ ਸੜ ਗਈ

-0-

ਹੁਣ ਉਸ ਲਈ
ਰਚਨਾ ਦਾ ਕੋਈ ਹੋਰ ਮੈਦਾਨ ਨਹੀਂ ਸੀ
ਘੋੜਾ ਤਲਵਾਰ ਸ਼ਾਹ ਸਵਾਰ ਨਹੀਂ ਸੀ
ਨਾ ਬਿੰਦੂ ਨਾ ਦਾਇਰੇ
ਸਿਰਫ਼ ਠਹਿਰੇ ਵਕਤ ਦਾ ਖੰਡਰ ਸੀ
ਤੇ ਹਵਾ 'ਚ ਲਟਕਦਾ
ਸ਼ਾਹ ਸਵਾਰ ਦਾ ਸਿਰ ਬਿਨਾਂ ਧੜ ਸੀ

-0-

ਉਹ ਜਦ ਵੀ ਤੁਰਿਆ
ਆਪਾ ਸਿਰਜਦਾ ਤੁਰਿਆ
ਕਦੀ ਬਿੰਦੂਆਂ
ਕਦੀ ਦਾਇਰਿਆਂ
ਕਦੀ ਵਕਤਾਂ ਠਹਿਰਿਆ ਚੋਂ
ਗੁਜ਼ਰਿਆ

-----

## ਸ਼ਮਾਂ

ਮੈਂ
ਕਦੀ ਲਹਿਰ ਸਾਂ ਸਾਗਰ ਦੀ
ਹੜ੍ਹ ਸਾਂ ਦਰਿਆਵਾਂ ਦਾ
ਰੂਪ ਸਾਂ
ਕੰਢਿਉਂ ਬਾਹਰ ਵਗਦੀਆਂ ਨਦੀਆਂ ਦਾ
ਸੰਗੀਤ ਸਾਂ ਚਸ਼ਮਿਆਂ ਦਾ
ਸ਼ੋਰ ਸਾਂ ਆਬਸ਼ਾਰਾਂ ਦਾ

-0-

ਥ਼ਲ ਦੀ ਹਨ੍ਹੇਰੀ ਸਾਂ
ਕਦੀ ਬਾਸਾਂ ਦੇ ਜੰਗਲ ਦੀ ਹਵਾ
ਪਹਾੜਾਂ ਚੋਂ ਉੱਠਿਆ ਲਾਵਾ
ਸਹਿਰਾ 'ਚ ਉਥ਼ਲ਼ਦਾ ਸਾਗਰ ਸਾਂ ਕਦੀ

-0-

ਅੱਥਰੇ ਘੋੜੇ ਦੀ ਚਾਲ ਸਾਂ
ਚੁੱਪ 'ਚ ਸ਼ੋਰ ਦਾ ਉਬਾਲ ਸਾਂ
ਜਵਾਨੀ ਸਾਂ
ਗਿੱਠ ਗਿੱਠ ਉੱਚਾ
ਧਰਤੀ ਤੋਂ ਤੁਰਦੀ ਕਦੀ
ਸੂਰਜਾਂ ਦੇ ਸੂਰਜ ਦੀ
ਸ਼ੁਆ ਸਾਂ ਕਦੀ

-0-

ਅੱਜ ਰੋਜ਼ਗਾਰ ਲਈ
ਭਟਕਦੀ ਹਵਾ ਹਾਂ
ਪੱਥਰ ਹਾਂ ਕਦੀ ਖ਼ੁਦਾ ਸਾਂ
ਮੁਥਾਜ਼ੀਆਂ ਮਜਬੂਰੀਆਂ
ਫਰਜ਼ਾਂ ਦੀ ਧੁੱਖਦੀ ਅੱਗ ਹਾਂ
ਤੱਤਪਰ ਹਾਂ ਬਲਣ ਲਈ
ਆਪਣੇ ਆਪ ਨੂੰ ਸਾੜਣ ਲਈ
ਆਪਣੇ ਆਪ 'ਚ ਸੜਣ ਲਈ

-0-

ਮੈਂ ਦਾਇਰਿਆਂ ਤੋਂ
ਬਿੰਦੂਆਂ 'ਚ ਸੁੰਘੜਦਾ
ਉਹ ਅਕਾਰ ਹਾਂ
ਜੋ ਆਪਣੇ ਅੰਦਰ
ਨਾ ਬਾਹਰ ਹਾਂ
ਕੱਖਾਂ ਤੋਂ ਹੌਲਾ ਹਸਤੀਹੀਣ ਹਾਂ
ਨਾ ਕਿਸੇ ਦਾ ਆਸਰਾ
ਨਾ ਨੂਰ ਹਾਂ
ਆਪਣੇ ਆਪ ਤੋਂ ਵੀ ਦੂਰ ਹਾਂ

-0-

ਆਪਣੇ ਬੀਤੇ ਤੇ ਪੈਰ ਧਰ
ਲੰਘ ਆਇਆ ਹਾਂ
ਉਹ ਸੂਲੀ ਤੇ ਟੰਗ ਆਇਆ ਹਾਂ
ਜੋ ਮੈਂ ਸਾਂ
ਹੁਣ ਉਹ ਨਾਲ ਹੈ ਮੇਰੇ
ਜੋ ਮੈਂ ਹਾਂ

-0-

ਇਕ ਉਹ ਸਮਾਂ ਸੀ
ਇਕ ਇਹ ਸਮਾਂ ਹੈ
ਨਾ ਉਹ ਪੁਰਾਣਾ ਸੀ
ਨਾ ਇਹ ਨਵਾਂ ਹੈ
ਨਾ ਉਹ ਰਿਹਾ ਹੈ
ਨਾ ਇਸ ਨੇ ਰਹਿਣਾ ਹੈ
ਖੇਡ ਤਾਂ ਧੁੱਪਾਂ ਛਾਵਾਂ ਦੀ ਹੈ
ਬੀਜ 'ਚ ਰੁੱਖ
ਰੁੱਖ 'ਚ ਬੀਜ ਸਦਾ ਹੀ ਰ਼ਹਿਣਾ ਹੈ

-----

# ਪੈਰ ਤੁਰੇ ਹਨ

ਪੈਰ ਰਾਹਾਂ ਤੇ ਤੁਰੇ ਹਨ
ਤਲਾਸ਼ ਨਜ਼ਰਾਂ 'ਚ ਜਗੀ ਹੈ
ਲੱਗਦਾ ਹੈ
ਮੰਜ਼ਿਲ ਦੂਰ ਨਹੀਂ
ਕੁੱਝ ਹੀ ਕਦਮਾਂ ਤੇ ਖੜ੍ਹੀ ਹੈ

-0-

ਰੁੱਖ ਤੁਰਿਆ ਹੈ
ਜੜ੍ਹਾਂ ਤੋਂ ਬੀਜ ਵੱਲ
ਸਫ਼ਰ 'ਚ ਪੱਤਿਆਂ ਟਹਿਣੀਆਂ
ਫੁੱਲਾਂ ਫੱਲਾਂ ਦੇ ਬੜੇ ਪੜਾਅ ਹਨ
ਰੁੱਖ ਦੀ ਗੁਥਲੀ 'ਚ ਰੱਬ ਜਾਣੇ
ਕਿੰਨੇ ਕੁ ਸਾਹ ਹਨ

-0-

ਜੜ੍ਹਾਂ ਚੋਂ
ਰੁੱਖ ਨੇ ਜੋ ਵੀ ਪੱਲੇ ਬੰਨ੍ਹਿਆ ਸੀ
ਸਫ਼ਰ 'ਚ
ਹਰ ਪੜਾਅ ਦੀ
ਸਰਦਲ ਤੇ ਧਰਿਆ ਹੈ
ਰੁੱਖ ਦੇ ਸੁਫ਼ਨੇ
ਹਰ ਪੜਾਅ ਦੇ
ਘਰ ਘਰ 'ਚ ਜਗੇ ਹਨ
ਹੁਣ ਦੂਰ ਨਹੀਂ ਮੰਜ਼ਿਲ
ਰੁੱਖ ਜਿਸ ਵਿਚ ਸਮਾ ਜਾਏਗਾ

ਆਪਣੀ ਤਲਾਸ਼ ਦਾ ਸੱਚ
ਪਾ ਜਾਏਗਾ

−0−

ਝਰਨੇ ਚੁਸ਼ਮੇ ਨਦੀਆਂ 'ਚ ਰਲੇ ਹਨ
ਨਦੀਆਂ ਦਰਿਆ
ਸਾਗਰਾਂ 'ਚ ਢਲੇ ਹਨ
ਆਦਿ ਨੂੰ ਅੰਤ ਮਿਲਿਆ ਹੈ
ਅੰਤ ਨੂੰ ਆਦਿ ਮਿਲਿਆ ਹੈ
ਜ਼ਿੰਦਗੀ ਦੇ ਵਿਹੜੇ
ਜੀਵਨ ਦੇ ਫੁੱਲ ਖਿੱੜੇ ਹਨ
ਬੂੰਦ ਸਾਗਰ ਨੂੰ
ਸਾਗਰ ਬੂੰਦ ਨੂੰ ਮਿਲਿਆ ਹੈ

−0−

ਜਲ ਭਾਫ਼ 'ਚ ਬਦਲਿਆ ਹੈ
ਬੱਦਲ ਧਰਤੀ ਚੋਂ ਉੱਗਿਆ ਹੈ
ਅੰਬਰ ਤੋਂ
ਮੁੜ ਧਰਤੀ ਤੇ ਵਰ੍ਹਿਆ ਹੈ
ਮੌਸਮ ਬਦਲਿਆ ਹੈ
ਰੁੱਤਾਂ ਬਦਲੀਆਂ ਹਨ
ਗੁਲਸ਼ਨ ਦਾ ਕਾਰੋਬਾਰ ਚਲਿਆ ਹੈ

−0−

ਮਨੁੱਖ 'ਚ
ਮਨੁੱਖ ਤੁਰਿਆ ਹੈ
ਧਰਤੀ ਤੇ
ਮਨੁੱਖਤਾ ਦਾ ਦਰਿਆ ਵਗਿਆ ਹੈ

ਹਨੇਰਿਆਂ ਦਾ ਰੂਪ ਬਦਲਿਆ ਹੈ
ਸੂਰਜ 'ਚੁ ਕਿਰਨਾਂ
ਕਿਰਨਾਂ 'ਚ ਸੂਰਜ ਢਲਿਆ ਹੈ
ਧਰਤੀ ਦਾ ਜ਼ਰਾ ਜ਼ਰਾ
ਜਗਿਆ ਹੈ

-0-

ਪ੍ਰਕਿਰਤੀ 'ਚ
ਹਰਿਆਵਲ ਤੁਰੀ ਹੈ
ਚੁੱਪ ਚੋਂ ਸ਼ੋਰ ਉੱਠਿਆ ਹੈ
ਪਤਝੜ ਚੋਂ ਬਹਾਰਾਂ
ਵੀਰਾਨੀ ਚੋਂ
ਰੌਣਕਾਂ ਜਨਮੀਆਂ ਹਨ
ਗ਼ਮੀ ਚੋਂ ਹੱਸੀਂ ਪੁੰਗਰੀ ਹੈ
ਪੱਥਰ ਚੋਂ ਗਤੀ ਜਾਗੀ ਹੈ

-0-

ਪਿੰਡ ਨੇ ਸ਼ਹਿਰ
ਸ਼ਹਿਰ ਨੇ ਪ੍ਰਾਂਤ
ਪ੍ਰਾਂਤ ਨੇ ਦੇਸ਼
ਦੇਸ਼ ਨੇ ਵਿਸ਼ਵ ਦਾ ਰੂਪ ਧਾਰਿਆ ਹੈ
ਮਨੁੱਖ ਨੇ
ਵਿਸ਼ਵ ਦੇ ਵਿਹੜੇ
ਵਿਸ਼ਵ ਘਰ ਦਾ ਸੁਫ਼ਨਾ ਉਸਾਰਿਆ ਹੈ

-0-

ਅਕਾਸ਼ ਤੁਰਿਆ ਹੈ
ਸੂਰਜ ਚੰਨ ਸਿਤਾਰੇ

ਗ੍ਰਹਿ ਉਪਗ੍ਰਹਿ ਗਤੀਸ਼ੀਲ ਹੋਏ ਹਨ
ਧਰਤੀ ਸਾਗਰ ਦਰਿਆ
ਨਦੀਆਂ ਪਹਾੜ ਜੰਗਲ ਤੁਰੇ ਹਨ
ਬ੍ਰਹਿਮੰਡਕ ਕਾਰਜ ਪ੍ਰਣਾਲੀ ਨੇ
ਆਪਣੀ ਕੁੰਜ ਉਤਾਰੀ ਹੈ
ਸਮੇਂ ਨੇ
ਆਦਿ ਤੋਂ ਅੰਤ ਵੱਲ ਕਦਮ
ਪੁੱਟਿਆ ਹੈ
ਬ੍ਰਹਿਮੰਡਕ ਸਮੱਗਰੀ ਦਾ ਵਜ਼ੂਦ
ਮੰਜ਼ਿਲ ਦੀ ਤਲਾਸ਼ 'ਚ ਜੁਟਿਆ ਹੈ
ਆਪਣਾ ਸੱਚ ਤਲੀ ਤੇ ਧਰਿਆ ਹੈ
ਆਪਣੇ ਸੱਚ ਜਿਹਾ
ਆਪਾ ਸਿਰਜਿਆ ਹੈ

-0-

ਪੈਰ ਰਾਹਾਂ ਤੇ ਤੁਰੇ ਹਨ
ਤਲਾਸ਼ ਨਜ਼ਰਾਂ 'ਚ ਜਗੀ ਹੈ
ਲੱਗਦਾ ਹੈ
ਮੰਜ਼ਿਲ ਦੂਰ ਨਹੀਂ
ਕੁੱਝ ਹੀ ਕਦਮਾਂ ਤੇ ਖੜ੍ਹੀ ਹੈ

-----

## ਧਰਮ ਤੇ ਨਵੀਨਤਾ

(13ਵੀਂ, 14ਵੀਂ ਸਦੀ ਵਿਚ ਆਧੁਨਿਕਤਾ ਦੇ ਆਗਮਨ ਵਿਚ
ਵਿਸ਼ਵ ਵਿਦਵਾਨਾਂ ਧਰਮ ਦਾ ਪਤਨ ਐਲਾਨਿਆਂ)

ਜਦੋਂ ਨਵੀਨਤਾ ਪੁੰਗਰੀ
ਬ੍ਰਹਮਵਾਦ ਦਾ ਸੂਰਜ ਡੁੱਬ ਗਿਆ
ਮਨੁੱਖੀ ਤਲੀ ਤੇ
ਮਨੁੱਖੀ ਸਵੈ ਦਾ ਜੋ ਸੱਚ ਧਰਦਾ ਸੀ
ਜੋ ਬੂੰਦ ਚੋਂ ਸਾਗਰ
ਸਾਗਰ ਚੋਂ ਬੂੰਦ ਸਿਰਜਦਾ ਸੀ
ਚਿਰਾਗ਼ ਬੁੱਝ ਗਿਆ

-0-

ਦਰਪਣ ਸੀ
ਜੋ ਮਨੁੱਖੀ ਪਹਿਚਾਣ ਦਾ
ਆਦਮੀ ਦੇ ਸੱਚ ਦੀ
ਸ਼ਨਾਖ਼ਤੀ ਸਿਆਣ ਦਾ
ਜੀਵਨ ਚੋਂ ਅਲੋਪ ਹੋ ਗਿਆ
ਬੋਲ ਸੀ
ਜੋ ਕੁਦਰਤ ਦੇ ਕੰਠ ਦਾ ਖ਼ਾਮੋਸ਼ ਹੋ ਗਿਆ

-0-

ਆਦਮੀ ਦੀ ਸੋਚ
ਜਦ ਨਵੀਨਤਾ ਦਾ ਰੂਪ ਧਾਰਿਆ
ਰੂਹ ਦਾ ਰੰਗ
ਆਦਮੀ ਦੀ ਦੇਹ ਚੋਂ ਨਿਚੋੜਿਆ
ਆਪਣੇ ਸਵੈ ਸੱਚ ਤੋਂ
ਜਦ ਅੱਡ ਹੋਇਆ ਆਦਮੀ
ਕੱਖ਼ ਹੋਇਆ ਆਦਮੀ

-0-

# ਪਰਛਾਵੇਂ ਦਾ ਸੱਚ

ਸ਼ਹਿਰ ਦੀ ਹਰ ਇੱਟ
ਨਕਸ਼ ਅੰਗ ਚਿਹਰਾ ਮੇਰਾ ਹੈ
ਸ਼ਹਿਰ ਦੀਆਂ ਨੀਹਾਂ 'ਚ ਲਹੂ
ਧੜ 'ਚ ਵਸੇਰਾ ਮੇਰਾ ਹੈ

-0-

ਸ਼ਹਿਰ ਦੀਆਂ ਗਲੀਆਂ
ਸੜਕਾਂ ਚੌਕਾਂ ਚੌਰਾਹਿਆਂ 'ਚ
ਮੈਂ ਟੰਗਿਆ ਹਾਂ
ਮੈਂ ਸ਼ਹਿਰ ਨੂੰ
ਆਪਣੀ ਛਾਵੇਂ ਬਿਠਾਇਆ ਸੀ
ਸ਼ਹਿਰ ਨੇ
ਮੇਰੀ ਹੋਂਦ ਨੂੰ ਮਿਟਾਇਆ ਹੈ

-0-

ਇਸ ਸ਼ਹਿਰ 'ਚ
ਮੇਰਾ ਸਾਇਆ ਗੁਆਚਾ ਹੈ
ਸਾਏ ਬਿਨਾਂ
ਦੇਹ ਦਾ ਸੱਚ ਪਿਆਸਾ ਹੈ
ਜੋ ਮੈਨੂੰ
ਸ਼ਹਿਰ 'ਚ ਲੈ ਆਇਆ ਹੈ
ਵੇਖਦਾ ਹਾਂ
ਸ਼ਹਿਰ ਨੇ ਮੇਰਾ ਬੁੱਤ
ਸਿਟੀ ਹਾਲ ਦੇ ਵਿਹੜੇ 'ਚ ਲਾਇਆ ਹੈ

ਹੇਠ ਲਿਖਿਆ ਹੈ
"ਇਹ ਸ਼ਹਿਰ ਦਾ ਜਨਮਦਾਤਾ ਹੈ
ਲੋਕਾਂ ਦਾ ਵਿਦਾਤਾ ਹੈ"

-0-

ਬੁੱਤ ਚੀਖ਼ ਚੀਖ਼ ਕੇ ਆਖ ਰਿਹਾ ਹੈ
ਨਾ ਮੈਂ ਸ਼ਹਿਰ ਦਾ ਹਾਂ
ਨਾ ਸ਼ਹਿਰ ਮੇਰਾ ਹੈ
ਨਾ ਮੈਂ ਬੀਜਿਆ ਇਸ ਨੂੰ
ਨਾ ਉੱਗਾਇਆ ਹੈ
ਮੈਂ ਜਿਸ ਮਿੱਟੀ ਦਾ ਸੱਚ ਹਾਂ
ਉਸ ਮਿੱਟੀ ਦੇ ਘਰੋਂਦੇ ਨੂੰ
ਸ਼ਹਿਰ ਨੇ ਖੰਡਰ ਬਣਾਇਆ ਹੈ

-0-

ਮੇਰਾ ਸੱਚ
ਕੱਚੇ ਕੋਠੇ ਕੱਚੀਆਂ ਗਲੀਆਂ ਕੰਧਾਂ
ਤੇ ਮਿੱਟੀ ਦੇ ਪਿੰਡੇ 'ਚ ਵਸਦੇ
ਮਿੱਟੀ ਦੇ ਲੋਕ ਸਨ
ਜਿਨ੍ਹਾਂ ਦੇ ਜਲ ਵਰਗੇ
ਨਿਰਮਲ ਚਿਹਰੇ
ਤੇ ਖ਼ੁਸ਼ਬੂਆਂ ਜਿਹੇ ਬੋਲ ਸਨ

-0-

ਮੈਂ ਹਰਿਆਂ ਖੇਤਾਂ
ਤੇ ਰੁੱਖਾਂ ਦੀ ਫੁੱਲਕਾਰੀ ਸਾਂ
ਮੇਰੀ ਰੂਹ ਨੇ
ਮਿੱਟੀ ਦੇ ਗਿਰਾਂ ਦੀ ਸ਼ਕਲ ਧਾਰੀ ਸੀ

ਉਹ ਵਜੂਦ ਸੱਚ ਸੀ ਮੇਰਾ
ਜੋ ਸ਼ਹਿਰ ਨੇ ਮਿਟਾਇਆ ਹੈ
ਮੇਰੀ ਹਰਿਆਵਲ ਚੋਂ
ਕੱਚ ਦਾ ਜੰਗਲ ਉੱਗਾਇਆ ਹੈ
ਮੈਨੂੰ ਦੋਸ਼ੀ ਠਹਿਰਾਇਆ ਹੈ
ਇਹ ਇਲਜ਼ਾਮ ਲਾਇਆ ਹੈ
ਕਿ ਮੈਂ ਆਪ
ਆਪਣਾ ਕਤਲ ਕੀਤਾ ਹੈ
ਆਪਣਾ ਮਾਸ ਖਾਧਾ ਹੈ
ਆਪਣਾ ਲਹੂ ਪੀਤਾ ਹੈ

-0-

ਪਿੰਡ ਜੋ ਸ਼ਹਿਰ 'ਚ
ਆਪਣਾ ਸੱਚ ਲੱਭਣ ਆਇਆ ਸੀ
ਸੱਚ ਭਾਲਦਾ ਭਾਲਦਾ
ਸ਼ਹਿਰ ਦੇ ਲਹੂ 'ਚ ਸਮਾਇਆ ਹੈ
ਸ਼ਹਿਰ ਦੇ ਹਰ ਬਸ਼ਰ ਦੀ ਅੱਖ 'ਚ
ਉਸ ਸੱਚ ਦਾ ਅੱਥਰੂ
ਤੈਰਦਾ ਨਜ਼ਰ ਆਇਆ ਹੈ

-0-

ਸ਼ਹਿਰ ਦੀ ਹਰ ਇੱਟ
ਨਕਸ਼ ਅੰਗ ਚਿਹਰਾ ਮੇਰਾ ਹੈ
ਸ਼ਹਿਰ ਦੀਆਂ ਨੀਹਾਂ 'ਚ ਲਹੂ
ਧੜ 'ਚ ਵਸੇਰਾ ਮੇਰਾ ਹੈ

----

# ਤੇਰੀ ਮੇਰੀ ਕੈਦ

ਮੈਂ
ਤੇਰੀ ਕੈਦ ਤੋਂ ਮੁਕਤ ਹੋ ਸਕਦਾ ਹਾਂ
ਪਰ ਮੇਰੇ ਲਈ
ਆਪਣੀ ਹੀ ਕੈਦ ਚੋਂ
ਮੁਕਤ ਹੋਣਾ ਸੰਭਵ ਨਹੀਂ
ਤੇਰੀ ਕੈਦ
ਤਸੀਹੇ ਸੰਤਾਪ
ਜੀਵਨ ਦਾ ਅਨਰਥ ਹੈ
ਸਿਰ ਤੇ ਸੜਦਾ ਆਸਮਾਂ ਹੈ
ਪੈਰਾਂ 'ਚ ਉਬਲਦੀ ਧਰਤ ਹੈ

-0-

ਮੇਰੀ ਕੈਦ ਮੇਰੀ ਹੈ
ਜਿਸ 'ਚ ਸੁੱਖ ਸ਼ਾਂਤੀ ਆਰਾਮ ਹੈ
ਖੰਡਰ ਜ਼ਿੰਦਗੀ ਲਈ
ਪੁੰਗਰਨ ਦਾ ਸਮਾਨ ਹੈ
ਤੇਰੀ ਕੈਦ ਦੀਆਂ ਦੀਵਾਰਾਂ ਸੰਗ
ਮੈਂ ਟੱਕਰਾ ਸਕਦਾ ਹਾਂ
ਪਰ ਆਪਣੀ ਕੈਦ ਦੇ ਖਿਲਾਫ਼
ਮੇਰੇ ਤੋਂ ਖਲੋਇਆ ਜਾ ਨਹੀਂ ਸਕਦਾ
ਆਪਣਾ ਹੀ ਮੁਰਦਾ
ਆਪਣੇ ਮੋਢੀਂ ਉੱਠਾਇਆ ਜਾ ਨਹੀਂ ਸਕਦਾ
ਜਿਸ 'ਚ
ਮੇਰੀ ਮਰਜ਼ੀ ਅਨੁਸਾਰ ਵਿਚਰਦਾ
ਮੇਰਾ ਵਜ਼ੂਦ ਹੈ

ਮੇਰੇ ਸੰਕਲਪ ਦਾ ਸੱਚ
ਇਸ 'ਚ ਮੌਜੂਦ ਹੈ

-0-

ਮੇਰੀ ਕੈਦ 'ਚ
ਮੇਰੀ ਨਜ਼ਰ ਪ੍ਰਵਾਸ ਦੇ
ਆਰ ਪਾਰ ਹੈ
ਭੂਤ ਭਵਿੱਖ ਵਰਤਮਾਨ ਦੇ
ਆਦਿ ਅੰਤ ਦਾ ਮੈਨੂੰ ਅਹਿਸਾਸ ਹੈ

-0-

ਤੇਰੀ ਕੈਦ
ਤੇਰਾ ਆਦਿ ਤੇਰਾ ਅੰਤ ਹੈ
ਮੇਰਾ ਆਗਾਜ਼ ਹੈ
ਨਾ ਮੇਰਾ ਹਸ਼ਰ ਹੈ
ਤੇਰੀ ਕੈਦ 'ਚ
ਮੇਰਾ ਦੁਸ਼ਮਣ ਤੇਰਾ ਸਿਰ ਹੈ
ਜਿਸ ਦਾ ਮੇਰੇ ਮੋਢਿਆਂ ਤੇ ਭਾਰ ਹੈ
ਮੇਰੇ ਧੜ ਨੂੰ ਜੋ ਦੁਰਕਾਰ ਹੈ

-0-

ਮੈਂ ਜਦ
ਕੀਤੇ ਕਰਮਾਂ ਦੇ ਸਾਵੇਂ ਖਲੋਂਦਾ ਹਾਂ
ਆਪਾ ਦੋਸ਼ੀ ਪਾਉਂਦਾ ਹਾਂ
ਅੰਬਰ ਤੋਂ ਭੈਅ ਆਉਂਦਾ ਹੈ
ਧਰਤ 'ਚ ਨਿਗਰ ਜਾਂਦਾ ਹਾਂ
ਨਜ਼ਰ ਚੋਂ ਗਿਰ ਜਾਂਦਾ ਹਾਂ
ਆਪੇ 'ਚ ਸੁੰਘੜ ਜਾਂਦਾ ਹਾਂ

ਆਪਣੀ ਉਸਾਰੀ ਕੈਦ 'ਚ ਉਤਰਦਾ ਹਾਂ
ਮੇਰੇ ਲਈ
ਹਿਫ਼ਾਜ਼ਤੀ ਜੋ ਕਿਲ੍ਹਾ ਲੱਗਦੀ ਹੈ
ਮੈਨੂੰ ਜੀਵਤ ਰੱਖਦੀ ਹੈ
ਮੈਂ ਆਪਣੇ ਆਪ 'ਚ
ਫੈਲ ਜਾਂਦਾ ਹਾਂ
ਬੂੰਦ ਤੋਂ ਸਾਗਰ
ਜ਼ਰੇ ਤੇ ਅੰਬਰ ਕਹਾਉਂਦਾ ਹਾਂ

-0-

ਮੈਂ ਹਵਾ ਨਾਲੋਂ ਤੇਜ਼
ਜ਼ਿੰਦਗੀ ਸੰਗ ਦੌੜਦਾ ਹਾਂ
ਪਿੱਛੇ ਰਹਿ ਜਾਂਦਾ ਹਾਂ
ਆਪਣੇ ਆਪ ਨੂੰ ਫਾਡੀ
ਤੇ ਉਦਾਸ ਪਾਉਂਦਾ ਹਾਂ
ਆਪਣੀ ਸਿਰਜੀ ਕੈਦ ਦੀ
ਬੁੱਕਲ 'ਚ ਜਾ ਬਹਿੰਦਾ ਹਾਂ
ਆਪਾ ਸੁਰੱਖਿਅਤ ਪਾਉਂਦਾ ਹਾਂ
ਸੁੱਖ ਦਾ ਸਾਹ ਭਰਦਾ ਹਾਂ
ਚਿੰਤਾ ਮੁਕਤ ਲੱਗਦਾ ਹਾਂ

-0-

ਮੈਂ ਆਪਣੇ
ਵਰਤਮਾਨ ਤੇ ਅਤੀਤ ਦੀ
ਕ਼ੈਦ 'ਚ ਹਾਂ
ਮੇਰਾ ਭਵਿੱਖ
ਮੇਰੇ ਅਨੁਕੂਲ ਹੋਵੇ ਨਾ ਹੋਵੇ

ਮੈਂ ਜਾਣਦਾ ਨਹੀਂ
ਮੈਂ ਪਿੱਛੇ ਮੁੜ ਕੇ
ਜਿੱਧਰ ਵੀ ਝਾਂਕਦਾ ਹਾਂ
ਕੈਦ ਹੋਇਆ ਜਾਪਦਾ ਹਾਂ
ਮੇਰੇ ਭਵਿੱਖ ਤੋਂ ਪਹਿਲਾਂ ਹੀ
ਮੇਰੇ ਭਵਿੱਖ 'ਚ ਮੇਰੀ ਕੈਦ ਜਿਉਂਦੀ ਹੈ
ਜੋ ਭਵਿੱਖੀ ਦਿਸ਼ਾਵਾਂ ਦੇ ਪਾਟੇ ਰਾਹ
ਮੇਰੀ ਕਲਪਣਾ ਦੀ ਸੋਚ ਸੰਗ ਸਿਉਂਦੀ ਹੈ
ਤ੍ਰੈਕਾਲ ਮੁੱਖੀ ਸਮੇਂ ਦੀ ਅੱਖ 'ਚ
ਹਮੇਸ਼ਾਂ ਨਜ਼ਰ ਆਉਂਦੀ ਹੈ

-0-

ਮੈਂ
ਤੇਰੀ ਕੈਦ ਤੋਂ ਮੁਕਤ ਹੋ ਸਕਦਾ ਹਾਂ
ਪਰ ਮੇਰੇ ਲਈ
ਆਪਣੀ ਹੀ ਕੈਦ ਚੋਂ
ਮੁਕਤ ਹੋਣਾ ਸੰਭਵ ਨਹੀਂ
ਤੇਰੀ ਕੈਦ
ਤਸੀਹੇ ਸੰਤਾਪ
ਜੀਵਨ ਦਾ ਅਨਰਥ ਹੈ
ਸਿਰ ਤੇ ਸੜਦਾ ਆਸਮਾਂ ਹੈ
ਪੈਰਾਂ 'ਚ ਉਬਲਦੀ ਧਰਤ ਹੈ

-----

# ਮੀਲ ਪੱਥਰ ਦਾ ਸਫ਼ਰ

ਮੀਲ ਪੱਥਰ
ਮੀਲ ਪੱਥਰ ਨੂੰ ਮਿਲਿਆ
ਇਕ ਦੂਜੇ 'ਚ ਉਤਰੇ ਖੋਹ ਗਏ
ਆਪਣੀ ਆਪਣੀ ਕਹੀ
ਆਪਣੇ ਆਪਣੇ ਰਾਹ ਹੋ ਗਏ

-0-

ਫਿਰ ਮਿਲੇ
ਪਹਿਲੇ ਨੇ ਪੁੱਛਿਆ
ਪਾਉਣਾ ਕੀ ਹੈ? ਖੋਹਣਾ ਕੀ ਹੈ?
ਦੂਜੇ ਨੇ ਕਿਹਾ
ਪਾਉਣਾ ਹੀ ਖੋਹਣਾ ਹੈ
ਖੋਹਣਾ ਹੀ ਪਾਉਣਾ ਹੈ
ਜੀਵਨ ਦੀ ਇਹੀ ਤਲਾਸ਼ ਹੈ
ਜੀਵਨ ਦਾ ਇਹੀ ਅੰਤ ਹੈ
ਇਹੀ ਅਗ਼ਾਜ਼ ਹੈ

-0-

ਪਹਿਲੇ ਨੇ ਕਿਹਾ
ਤੂੰ ਜੋ ਕਿਹਾ ਹੈ ਸੱਚ ਹੈ
ਪਾਉਣ ਖੋਹਣ ਦੀ ਇੱਛਾ ਨੇ
ਮਨੁੱਖ ਦੁਆਲੇ
ਆਪਣਾ ਭਰਮ ਉਸਾਰਿਆ ਹੈ
ਜਿਸ ਪਿੱਛੇ ਦੌੜਦੇ ਮਨੁੱਖ ਨੇ
ਆਪਣਾ ਸੱਚ ਵਿਸਾਰਿਆ ਹੈ

ਆਪਣੇ ਕੱਦ ਤੋਂ ਉੱਚੇਰੀਆਂ
ਰੌਣਕਾਂ ਰੰਗੀਨੀਆਂ
ਇਮਾਰਤਾਂ ਪਿੱਛੇ ਨੱਸ ਰਿਹਾ ਹੈਂ
ਦਿਸਹੱਦੇ ਤੋਂ ਪਾਰ ਵੱਸਦੇ
ਝਾਉਲਿਆਂ ਨੂੰ ਫੜ ਰਿਹਾ ਹੈ
ਏਨਾਂ ਤੇਜ਼ ਦੌੜਿਆ
ਕਿ ਆਪ ਖੋਹ ਗਿਆ
ਨਿਰੰਤਰ ਗਤੀ ਤੋਂ ਮੀਲ ਪੱਥਰ
ਹੋ ਗਿਆ

-0-

ਇਹ ਦੌੜ ਜ਼ਿੰਦਗੀ ਦਾ ਸੱਚ ਨਹੀਂ
ਜ਼ਿੰਦਗੀ ਦਾ ਲਿਬਾਸ ਹੈ
ਜਿਸ ਚੋਂ ਆਦਮੀ ਦੀ ਰੂਹ ਨੂੰ
ਬਨਵਾਸ ਹੈ
ਮੁਰਦਿਆਂ ਦਾ ਸੱਚ ਧਰਤ ਤੇ
ਆਬਾਦ ਹੈ
ਇਹ ਦੁਨੀਆਂ
ਸ਼ੋਖ ਰੰਗਾਂ ਦਾ ਹਜ਼ੂਮ ਹੈ
ਭਰਮ ਪਿਛਲੀ ਦੌੜ ਹੈ
ਨਾ ਖੁਸ਼ਬੂ ਨਾ ਕੋਈ ਖਲੂਸ ਹੈ

-0-

ਬਣਾਵਟੀ ਹਨ
ਰੁੱਖ ਜੰਗਲ ਬਾਗ਼ ਬੱਦਲ
ਸੱਚ ਦਾ ਭੁੱਲੇਖਾ ਪਾ ਰਹੇ

ਕਾਠ ਦੀ ਕੋਇਲ ਹੈ ਕੂਕਦੀ
ਬੈਟਰੀ ਦੇ ਮੋਰ ਨਿਰਤ ਵਿਖਾ ਰਹੇ
ਸੱਚ ਦੀ ਤਲਾਸ਼ 'ਚ ਮੀਲ ਪੱਥਰ
ਭਰਮ ਦੀ ਜੂਨ ਹਨ ਹੰਢਾਅ ਰਹੇ
ਖ਼ੁਦ ਖੜ੍ਹੇ ਹਨ
ਪਰ ਤਰਾਨੇ ਸਫ਼ਰ ਦੇ
ਮੁਸਾਫ਼ਿਰਾਂ ਲਈ ਗਾ ਰਹੇ

-0-

ਫਿਰ ਮਿਲੇ
ਸੱਚ ਦੀ ਤਲਾਸ਼ ਲਈ
ਜ਼ਿੰਦਗੀ ਦੀ ਰੂਹ ਲਈ
ਜ਼ਿੰਦਗੀ ਦੇ ਸਾਜ਼ ਲਈ
ਇਕ ਨੇ ਆਪਣੇ ਤੋਂ
ਮੀਲ ਪੱਥਰ ਦਾ ਪਿੰਡਾ ਉਤਾਰਿਆ
ਦੂਜੇ ਨੇ
ਭਰਮ ਜਿਊਂਦੀ ਜ਼ਿੰਦਗੀ 'ਚ
ਸੂਰਜ ਸੱਚ ਦਾ ਚਾੜ੍ਹਿਆ
ਮੀਲ ਪੱਥਰ ਤੋਂ ਸਫ਼ਰ ਹੋ ਗਏ
ਜ਼ਿੰਦਗੀ ਦੇ ਸੱਚ ਦਾ ਹਰਫ਼ ਹੋ ਗਏ

----

# ਪੜਾਅ

ਕੁੱਝ ਚਿਹਰੇ
ਦਰਪਣ ਸਾਵੇਂ ਬੈਠੇ
ਆਪਾ ਸੰਵਾਰਦੇ ਹਨ
ਕਦੀ ਦਰਪਣ 'ਚ ਚਿਹਰਾ
ਕਦੀ ਚਿਹਰੇ 'ਚ
ਦਰਪਣ ਉਤਾਰਦੇ ਹਨ

-0-

ਜਦ ਚਿਹਰੇ ਦਾ ਸੱਚ
ਜ਼ਿਹਰੇ ਅਨੁਕੂਲ
ਦਰਪਣ ਚੋਂ ਨਜ਼ਰ ਨਹੀਂ ਆਉਂਦਾ
ਤਾਂ ਦਰਪਣ ਤੋੜ ਦਿੰਦੇ ਹਨ
ਆਪਣਾ ਮੂੰਹ ਦਰਪਣ ਤੋਂ
ਸਦਾ ਲਈ ਮੋੜ ਲੈਂਦੇ ਹਨ

-0-

ਲੋਕਾਂ ਨੂੰ ਦਰਪਣ ਚੋਂ
ਉਹ ਤੱਕਣ ਦਾ ਲਾਲਚ ਹੁੰਦਾ ਹੈ
ਜੋ ਲੋਕਾਂ ਦਰਪਣ 'ਚ
ਬੀਜਿਆ ਨਹੀਂ ਹੁੰਦਾ
ਅਬੀਜੇ ਦੀ ਭਾਲ
ਲੋਕਾਂ ਨੂੰ ਦਰਪਣ ਦੇ ਵਿਪਰੀਤ ਕਰਦੀ ਹੈ
ਲੋਕ ਦਰਪਣ ਤਿਆਗ
ਅਲੱਗ ਹੋ ਜਾਂਦੇ ਹਨ
ਦਰਪਣ ਦੇ ਸਾਗਰ ਦਾ
ਥਲ ਹੋ ਜਾਂਦੇ ਹਨ

-0-

ਇਹ ਜੀਵਨ ਦਾ
ਉਹ ਪੜਾਅ ਹੈ
ਜਦ ਦਰਪਣ ਨੂੰ
ਆਪਾ ਵਿਖਾਉਣ ਦਾ
ਚਿਹਰੇ ਨੂੰ ਆਪਾ ਵੇਖਣ ਦਾ
ਹੰਕਾਰ ਹੁੰਦਾ ਹੈ
ਨਾ ਚਿਹਰੇ ਨੂੰ
ਨਾ ਦਰਪਣ ਨੂੰ ਤਿਆਗ਼ ਦਾ
ਅਹਿਸਾਸ ਹੁੰਦਾ ਹੈ
ਦਰਪਣ ਦਾ ਆਪਣਾ ਰਾਗ
ਚਿਹਰੇ ਦਾ ਆਪਣਾ ਸਾਜ਼ ਹੁੰਦਾ ਹੈ
ਦੋਵੇਂ ਇਕ ਦੂਜੇ ਵੱਲ
ਜਦ ਪੁੱਠੇ ਪੈਰੀਂ ਤੁਰਦੇ ਹਨ
ਤਾਂ ਇਕ ਦੂਜੇ ਦੀ ਪਿੱਠ ਚੋਂ
ਇਕ ਦੂਜੇ ਦਾ ਚਿਹਰਾ
ਤੱਕਣ ਲਈ ਧੁੱਖਦੇ ਹਨ

-0-

ਚਿਹਰਾ ਆਪਾ ਵਿਚਾਰਦਾ ਹੈ
ਦਰਪਣ
ਆਪਣਾ ਹੰਕਾਰ ਤਿਆਗ਼ਦਾ ਹੈ
ਇਹ ਜੀਵਨ ਦਾ ਉਹ ਪੜਾਅ ਹੈ
ਜਿਸ ਚੋਂ ਸੱਚ ਸੁੰਦਰਤਾ ਕਲਿਆਣ
ਜਨਮਦਾ ਹੈ
ਇਨਸਾਨ ਚੋਂ ਇਨਸਾਨ ਜਨਮਦਾ ਹੈ
ਜੜ੍ਹ ਨਾਲ ਬੱਝੀ ਪ੍ਰਵਿਰਤੀ
ਤਿਆਗ਼ ਦਾ ਰੂਪ ਧਾਰਦੀ ਹੈ

ਚਿਹਰੇ 'ਚ ਦਰਪਣ
ਦਰਪਣ 'ਚ ਚਿਹਰਾ ਉਤਾਰਦੀ ਹੈ

-0-

ਸਮਾਂ ਬੀਤਦਾ ਹੈ
ਨਾ ਚਿਹਰਾ ਦਰਪਣ ਦਾ
ਨਾ ਦਰਪਣ ਚਿਹਰੇ ਦਾ
ਮੁਥਾਜ਼ ਹੁੰਦਾ ਹੈ
ਚਿਹਰੇ ਤੇ ਝੁਰੜੀਆਂ ਦਾ ਵਣ ਹੁੰਦਾ ਹੈ
ਦਰਪਣ 'ਚ ਧੁੰਧਲਾਪਣ ਹੁੰਦਾ ਹੈ
ਨਾ ਚਿਹਰੇ ਚੋਂ ਦਰਪਣ ਦੀ
ਨਾ ਦਰਪਣ ਚੋਂ ਚਿਹਰੇ ਦੀ
ਸਿਆਣ ਹੁੰਦੀ ਹੈ
ਚਿਹਰੇ ਦੀ ਆਪਣੀ
ਦਰਪਣ ਦੀ ਆਪਣੀ ਪਹਿਚਾਣ ਹੁੰਦੀ ਹੈ
ਇਹ ਉਹ ਪੜਾਅ ਹੈ
ਜਿੱਥੇ ਭਰਮ ਮੁਕਤ
ਦੋਹਾਂ ਦਾ ਸੱਚ ਹੁੰਦਾ ਹੈ
ਨਾ ਦਰਪਣ 'ਚ ਤਾਬ ਹੁੰਦੀ ਹੈ
ਨਾ ਚਿਹਰੇ 'ਚ ਰੱਤ ਹੁੰਦਾ ਹੈ

-0-

ਕੁੱਝ ਚਿਹਰੇ
ਦਰਪਣ ਸਾਵੇਂ ਬੈਠੇ
ਆਪਾ ਸੰਵਾਰਦੇ ਹਨ
ਕਦੀ ਦਰਪਣ 'ਚ ਚਿਹਰਾ
ਕਦੀ ਚਿਹਰੇ 'ਚ
ਦਰਪਣ ਉਤਾਰਦੇ ਹਨ

-0-

## ਭੁਲੇਖਾ

ਕੋਈ ਮੇਰੇ ਚੋਂ ਨਿਕਲ
ਹੁਣੇ ਬਾਹਰ ਗਿਆ ਹੈ
ਕੋਈ ਹੁਣ ਵੀ
ਮੇਰੀ ਦੇਹ 'ਚ ਤੁਰਦਾ ਪਿਆ ਹੈ

-0-

ਸੜਕਾਂ ਬਜ਼ਾਰਾਂ ਭੀੜਾਂ 'ਚ
ਮੇਰੇ ਨਾਲ ਸੀ
ਹੁਣੇ ਹੀ ਪਤਾ ਨਹੀਂ ਕਿੱਧਰ ਗਿਆ ਹੈ
ਮੈਨੂੰ ਨਜ਼ਰ ਨਹੀਂ ਆਇਆ
ਮੈਂ ਜਾਣ ਨਹੀਂ ਪਾਇਆ
ਪਹਿਚਾਣ ਨਹੀਂ ਪਾਇਆ
ਉਹ ਕੌਣ ਸੀ
ਉਹ ਕੀ ਸੀ ਮੇਰਾ
ਭੁਲੇਖਾ ਬਣ ਗਿਆ ਸੀ ਖ਼ੁਦ
ਮੇਰੇ ਵਜ਼ੂਦ ਦਾ ਜਿਹੜਾ

-0-

ਹੁਣੇ ਹੀ
ਮੇਰੀਆਂ ਨਜ਼ਰਾਂ ਰਾਹੀਂ
ਮੇਰੇ ਦਿਲ 'ਚ ਉਤਰਿਆ
ਹੁਣੇ ਹੀ
ਅੱਖਾਂ ਚੋਂ ਅੱਥਰੂ ਬਣ ਕੇ ਡੁੱਲ੍ਹ ਗਿਆ
ਹੁਣੇ ਮੇਰੀ ਜ਼ੁਬਾਨ ਤੇ ਸੀ
ਪਤਾ ਨਹੀਂ ਕਿਵੇਂ ਵਿਸਰ ਗਿਆ

ਪਤਾ ਨਹੀਂ
ਉਹ ਕੌਣ ਸੀ ਕੀ ਸੀ ਮੇਰਾ
ਭੁਲੇਖਾ ਬਣ ਗਿਆ ਸੀ ਖ਼ੁਦ
ਮੇਰੇ ਵਜ਼ੂਦ ਦਾ ਜਿਹੜਾ

-0-

ਹੁਣੇ ਮੇਰੇ ਨਾਲ
ਮੇਰਾ ਹਮ ਬਿਸਤਰ ਸੀ
ਲਹੂ 'ਚ ਤੁਰਦਾ
ਸਾਹਾਂ 'ਚ ਗਿੜਦਾ ਸੀ
ਪਤਾ ਨਹੀਂ ਕਿੱਥੇ ਰਹਿ ਗਿਆ ਹੈ
ਮੇਰੇ ਨਾਲ ਬੈਠਾ ਸੀ
ਨਿਗਾਹਾਂ 'ਚ ਵੱਸਦਾ ਸੀ
ਦਮ ਭਰਦਾ ਨਾ ਵਸਾਹ ਜਿਸਦਾ ਸੀ
ਪਤਾ ਨਹੀਂ
ਉਹ ਕੌਣ ਸੀ ਕੀ ਸੀ ਮੇਰਾ
ਭੁਲੇਖਾ ਬਣ ਗਿਆ ਸੀ ਖ਼ੁਦ
ਮੇਰੇ ਵਜ਼ੂਦ ਦਾ ਜਿਹੜਾ

-0-

ਉਹ ਮੇਰੇ ਹੀ
ਚਿਹਰੇ ਦਾ ਭੁਲੇਖਾ ਸੀ
ਮੇਰੀ ਦੇਹ ਪ੍ਰਕਿਰਿਆ ਦਾ ਲੇਖਾ ਜੋਖਾ ਸੀ
ਜੋ ਮੇਰੇ ਚੋਂ ਮੈਨੂੰ ਝਾਕਦਾ ਸੀ
ਮੇਰਾ ਹੀ ਆਪਾ ਜਾਪਦਾ ਸੀ
ਸ਼ਾਇਦ
ਉਹ ਮੇਰੇ ਹੋਣ ਦਾ ਅਹਿਸਾਸ ਸੀ

ਮੇਰੇ ਯਥਾਰਥ ਤੋਂ ਦੂਰ ਸੀ
ਮੇਰੇ ਸੰਕਲਪ ਦੇ ਪਾਸ ਸੀ
ਉਹ ਵਜ਼ੂਦ ਰਹਿਤ
ਸ਼ਬਦ ਰਹਿਤ ਅਰਥ ਰਹਿਤ ਸੀ
ਮੇਰਾ ਹੀ ਲਹੂ ਸੀ
ਪਰ ਰੰਗ ਰਹਿਤ ਸੀ
ਮੇਰਾ ਹੀ ਪ੍ਰਾਣ ਸੀ
ਪਰ ਅਨੁਭਵ ਰਹਿਤ ਸੀ

–0–

ਮੇਰੇ ਸਰੀਰ 'ਚ
ਉਹ ਪ੍ਰਾਸਰੀਰ ਸੀ
ਮੇਰੀ ਤਾਸੀਰ ਮੇਰੀ ਜ਼ਮੀਰ ਸੀ
ਭਾਸ਼ਾ ਦੀ ਹੋਂਦ ਤੋਂ ਪਹਿਲਾਂ ਦਾ
ਉਹ ਹਰਫ਼ ਸੀ
ਮੈਂ ਜਾਣ ਨਹੀਂ ਸਕਿਆ
ਸਮਝ ਨਹੀਂ ਸਕਿਆ
ਪਹਿਚਾਣ ਨਹੀਂ ਸਕਿਆ
ਉਹ ਕੌਣ ਸੀ ਉਹ ਕੀ ਮੇਰਾ
ਭੁਲੇਖਾ ਬਣ ਗਿਆ ਸੀ ਖ਼ੁਦ
ਮੇਰੇ ਵਜ਼ੂਦ ਦਾ ਜਿਹੜਾ

–0–

ਕੋਈ ਮੇਰੇ ਚੋਂ ਨਿਕਲ
ਹੁਣੇ ਬਾਹਰ ਗਿਆ ਹੈ
ਕੋਈ ਹੁਣ ਵੀ
ਮੇਰੀ ਦੇਹ 'ਚ ਤੁਰਦਾ ਪਿਆ ਹੈ

—————

## ਘਰ ਦਾ ਆਸਰਾ

ਹੁਣ
ਕਿਸੇ ਵੀ ਰੁੱਖ ਹੇਠ ਬਹਿ ਕੇ
ਜੀਣ ਨੂੰ ਜੀਅ ਨਹੀਂ ਕਰਦਾ
ਹੁਣ ਤੇ ਘਰ ਦੇ ਆਸਰੇ 'ਚ
ਰਹਿਣ ਨੂੰ ਵੀ ਜੀਅ ਨਹੀਂ ਕਰਦਾ

-0-

ਲੱਗਦਾ ਹੈ
ਕੰਧਾਂ ਸੰਭਾਲਦੀਆਂ ਸੰਭਾਲਦੀਆਂ
ਥੱਕ ਗਈਆਂ ਹਨ
ਛੱਤ ਮੀਹਾਂ ਧੁੱਪਾਂ ਝੱਖੜਾਂ
ਹਨ੍ਹੇਰੀਆਂ 'ਚ ਬਚਾਉਂਦੀ ਅੱਕ ਗਈ ਹੈ
ਵਿਹੜਾ
ਅਰਾਮ ਤੇ ਸੁਸਤਾਨ ਤੋਂ
ਸੱਖਣਾ ਹੋ ਗਿਆ ਹੈ
ਚੁੱਲ੍ਹਾ ਭੁੱਖ ਮਿਟਾਉਂਦਾ ਮਿਟਾਉਂਦਾ
ਠਰ ਗਿਆ ਹੈ
ਜਲ ਦਾ ਘੜਾ
ਪਿਆਸ ਬੁਝਾਉਂਦਾ ਬੁਝਾਉਂਦਾ
ਏਨਾ ਪਿਆਸਾ ਹੋ ਗਿਆ ਹੈ
ਕਿ ਤ੍ਰਿੜਕ ਗਿਆ ਹੈ
ਘਰ ਨੂੰ ਮੈਂ
ਘਰ ਮੈਨੂੰ ਰਿੜਕ ਗਿਆ ਹੈ

-0-

ਮੈਂ ਵੀ ਇਸ ਘਰ ਦੀਆਂ
ਰਹਿਮਤਾਂ ਨਿਹਮਤਾਂ ਤੋਂ
ਅੱਕ ਗਿਆ ਹਾਂ
ਇਸ ਦੇ ਆਸਰੇ 'ਚ ਸਾਹ ਲੈਂਦਾ
ਇਸ ਦੀ ਮੁਥਾਜ਼ੀ ਸਹਾਰਦਾ ਥੱਕ ਗਿਆ ਹਾਂ
ਚਾਹੁੰਦਾ ਹਾਂ
ਤਲੀ ਤੇ ਪਹਾੜ ਉੱਠਾ ਸਮੁੰਦਰ ਤਰਾਂ
ਧਰਤੀ ਦੀ ਗੱਠੜੀ ਬੰਨ੍ਹ ਸਿਰ ਤੇ ਧਰਾਂ
ਅੰਬਰ 'ਚ ਉੱਤਰਾਂ
ਹਵਾ ਦੇ ਸਿੰਗੀ ਚੜ੍ਹਾਂ
ਬ੍ਰਹਿਮੰਡ ਮੋਢਿਆਂ ਤੇ ਬਿਠਾ
ਚੌਹ ਦਿਸ਼ਾਵਾਂ ਦੀ ਪ੍ਰਕਰਮਾ ਕਰਾਂ
ਚੰਨ ਸੂਰਜ ਤਾਰੇ ਫੜਾਂ
ਤੇ ਕਿਸੇ ਐਸੀ ਥਾਂ ਤੇ ਜਾ ਵਸਾਂ
ਜੋ ਕਿਸੇ ਦੀ ਵੀ ਮੁਥਾਜ਼ ਨਾ ਹੋਵੇ
ਆਪਣੇ ਆਪ ਦੀ ਮੁਥਾਜ਼ੀ ਦਾ
ਜਿਹਨੂੰ ਅਹਿਸਾਸ ਨਾ ਹੋਵੇ

-0-

ਜੀਅ ਚਾਹੁੰਦਾ ਹੈ
ਸਿਰ ਤੇ ਅੰਬਰ ਦਾ
ਨਾ ਪੈਰਾਂ 'ਚ ਧਰਤ ਦਾ ਆਸਰਾ ਹੋਵੇ
ਨਾ ਕਿਸੇ ਰਹਿਮ ਦਯਾ
ਮਿਹਰਬਾਨੀ ਦਾ
ਕੋਈ ਤੁਖ਼ਮ ਨਜ਼ਰ ਆਵੇ

ਜੀਵਨ ਪ੍ਰਾਣ ਦਾ ਮੁਥਾਜ਼ ਨਾ ਹੋਵੇ
ਜੀਅ ਦਾ ਦੇਹ ਦੇ ਪਿੰਜਰੇ 'ਚ ਵਾਸ ਨਾ ਹੋਵੇ
ਨਾ ਲੈਣ ਦੇਣ ਦੀ
ਨਾ ਤਿਆਗ ਦੀ ਇੱਛਾ ਕੋਈ ਹੋਵੇ
ਬਸ ਇਕ ਬੇਮੁਥਾਜ਼ ਜਹਾਨ ਹੋਵੇ
ਬੇਮੁਥਾਜ਼ ਗੁਜ਼ਰਾਨ ਹੋਵੇ
ਬੇਮੁਥਾਜ਼ ਲੋਕਾਂ ਦਾ
ਬੇਮੁਥਾਜ਼ ਭਗਵਾਨ ਦਾ
ਬੇਮੁਥਾਜ਼ ਘਰ ਹੋਵੇ
ਨਾ ਬੰਦਾ ਘਰ ਦਾ
ਨਾ ਘਰ ਬੰਦੇ ਦਾ ਮੁਥਾਜ਼ ਹੋਵੇ

-0-

ਹੁਣ
ਕਿਸੇ ਵੀ ਰੁੱਖ ਹੇਠਾਂ ਬਹਿ ਕੇ
ਜੀਣ ਨੂੰ ਜੀਅ ਨਹੀਂ ਕਰਦਾ
ਹੁਣ ਤੇ ਘਰ ਦੇ ਆਸਰੇ 'ਚ
ਰਹਿਣ ਨੂੰ ਵੀ ਜੀਅ ਨਹੀਂ ਕਰਦਾ

-----

# ਮੈਂ ਨਹੀਂ ਜਾਣਦਾ

ਸੂਰਜ ਚੜ੍ਹਿਆ ਹੈ
ਨਗਰੀ ਦੇ ਲੋਕ ਜਾਗੇ ਹਨ
ਚੁੱਲ੍ਹਿਆਂ ਚੋਂ ਧੂੰਆਂ ਉੱਠਿਆ ਹੈ
ਅੰਨ੍ਹ ਦੀ ਮਹਿਕ ਆਈ ਹੈ
ਰਾਤ ਦੀ ਸੁੱਤੀ ਨਗਰੀ
ਸਰਘੀ ਦੀਆਂ ਪੌਣਾਂ ਜਗਾਈ ਹੈ

-0-

ਲੋਕ ਆਖਦੇ ਹਨ ਸਰਘੀ ਹੋਈ ਹੈ
ਸੂਰਜ ਚੜ੍ਹਣ ਨਾਲ ਸਰਘੀ ਹੁੰਦੀ ਹੈ
ਇਹ ਲੋਕ ਆਖਦੇ ਹਨ
ਲੋਕ ਜਾਣਦੇ ਹਨ
ਮੈਂ ਨਹੀਂ ਜਾਣਦਾ

-0-

ਸਾਰਾ ਦਿਨ ਲੋਕ ਕਾਰੋਬਾਰ ਕਰਦੇ ਹਨ
ਆਪਣੀ ਊਰਜਾ ਵੇਚਦੇ ਹਨ
ਆਪਣਾ ਪੇਟ ਪਾਲਦੇ ਹਨ
ਘਰ ਬਾਹਰ ਤੇ ਪਰਿਵਾਰ ਚਲਾਉਂਦੇ ਹਨ
ਪੰਛੀ ਸਾਰਾ ਦਿਨ ਚੋਗਾ ਚੁੱਗਦੇ ਹਨ
ਸ਼ਾਮ ਪਈ
ਆਲ੍ਹਣਿਆਂ 'ਚ ਪਰਤਦੇ ਹਨ
ਪੰਛੀ ਤੇ ਲੋਕ ਰਾਤ ਨੂੰ ਸੌਂਦੇ ਹਨ
ਲੋਕ ਆਖਦੇ ਹਨ ਲੋਕ ਜਾਣਦੇ ਹਨ
ਰਾਤ ਹੋ ਗਈ ਹੈ ਮੈਂ ਨਹੀਂ ਜਾਣਦਾ

-0-

ਲੋਕ ਇਕ ਤੋਂ ਦੋ ਹੁੰਦੇ ਹਨ
ਦੋ ਤੋਂ ਤਿੰਨ ਚਾਰ ਹੁੰਦੇ ਹਨ
ਆਖਦੇ ਹਨ ਜਨਮ ਹੋਇਆ ਹੈ
ਕੌਣ ਜਨਮਿਆ ਹੈ
ਧੀਅ ਜਾਂ ਪੁੱਤ
ਲੋਕ ਆਖਦੇ ਹਨ ਉਸ ਦੀ ਦਾਤ ਹੈ
ਇਹ ਕੌਣ ਹੈ ਜੋ ਦਾਤਾ ਦਿੰਦਾ ਹੈ
ਲੋਕ ਆਪਣੇ ਹਨ ਉਹ ਕਹਿੰਦੇ ਹਨ
ਮੈਂ ਨਹੀਂ ਜਾਣਦਾ ਉਹ ਕੌਣ ਹੈ

-0-

ਲੋਕ ਉਮਰ ਭੋਗਦੇ ਹਨ
ਜੀਵਨ ਹੰਢਾਉਂਦੇ ਹਨ
ਜੀਵਨ ਦਾ ਕਾਰੋਬਾਰ ਕਰਦੇ ਹਨ
ਖ਼ਰੀਦਦੇ ਹਨ ਵੇਚਦੇ ਹਨ
ਸੜਕਾਂ ਬਜ਼ਾਰਾਂ ਮੰਡੀਆਂ 'ਚ ਵਿਚਰਦੇ ਹਨ
ਤੁਰਦੇ ਫਿਰਦੇ ਹਨ
ਗੇੜਦੇ ਹਨ ਗਿੜਦੇ ਹਨ
ਵਿੱਕਣ ਤੇ ਖ਼ਰੀਦਣ ਲਈ
ਸੱਜਦੇ ਧੱਜਦੇ ਹਨ
ਆਖ਼ਦੇ ਹਨ ਅਸੀਂ ਪੁਤਲੀਆਂ ਹਾਂ
ਡੋਰ ਉਸ ਦੇ ਹੱਥ ਹੈ
ਉਹ ਨੱਚਾਉਂਦਾ ਹੈ
ਅਸੀਂ ਨੱਚਦੀਆਂ ਹਾਂ
ਉਹ ਘੱਲਦਾ ਹੈ ਅਸੀਂ ਆਉਂਦੇ ਹਾਂ
ਉਹ ਬੁਲਾਉਂਦਾ ਹੈ ਅਸੀਂ ਜਾਂਦੇ ਹਾਂ

-0-

ਇਹ ਕੌਣ ਹੈ
ਲੋਕ ਇਸ ਨੂੰ ਕਿੱਧਰ ਲਿਜਾ ਰਹੇ ਹਨ
ਉਸ ਦੇ ਪਿੱਛੇ ਪਿੱਛੇ
ਰਾਮ ਨਾਮ ਸਤਿ ਹੈ ਗਾ ਰਹੇ ਹਨ
ਇਹ ਰਾਮ ਕੌਣ ਹੈ ਸਤਿ ਕੌਣ ਹੈ
ਮੈਂ ਨਹੀਂ ਜਾਣਦਾ
ਕਿਉਂਕਿ
ਮੇਰਾ ਕੋਈ ਵਜੂਦ ਨਹੀਂ ਮੇਰਾ ਕੋਈ ਸਤਿ ਨਹੀਂ

-0-

ਮੈਂ ਤਾਂ ਸਿਰਫ਼ ਸੰਕਲਪ ਹਾਂ
ਸੰਕਲਪ ਵੀ ਮਨੁੱਖੀ ਮਨ ਦਾ
ਮੈਂ ਸੰਕਲਪ ਹਾਂ ਵੀ ਕਿ ਨਹੀਂ
ਸਿੱਧ ਵੀ ਨਹੀਂ ਕਰ ਸਕਦਾ
ਕਿਉਂਕਿ
ਮੈਂ ਨਾ ਜਨਮਦਾ ਹਾਂ ਨਾ ਮਰਦਾ ਹਾਂ
ਫਿਰ ਸੰਕਲਪਿਆ ਕਿਸ ਤਰ੍ਹਾਂ ਹਾਂ
ਸੰਕਲਪ ਕਿਸ ਦਾ ਹਾਂ
ਸੰਕਲਪ ਕਿਵੇਂ ਸੰਕਲਪ ਚੋਂ
ਯਥਾਰਥਕ ਸੰਸਾਰ ਸਿਰਜ ਸਕਦਾ ਹੈ
ਮੈਂ ਸੰਕਲਪ ਵੀ ਸੱਚ ਹਾਂ ਕਿ ਨਹੀਂ
ਮੈਂ ਨਹੀਂ ਜਾਣਦਾ ਲੋਕ ਜਾਣਦੇ ਹਨ
ਲੋਕ ਆਖਦੇ ਹਨ
ਪਤਾ ਨਹੀਂ ਕਿਸ ਨੂੰ
ਮੈਂ ਨਹੀਂ ਜਾਣਦਾ

-----

## ਪੱਥਰ ਪੈਰ ਪੱਥਰ ਰਾਹ

ਉਹ ਆਪਣੇ
ਸਿਫ਼ਰ ਸਫ਼ਰ 'ਚ
ਅਕਾਸ਼ ਮੁੱਠੀ 'ਚ ਫੜ
ਧਰਤੀ ਕੱਛੇ ਮਾਰ
ਸੂਰਜ ਢਿੱਡ 'ਚ ਉਤਾਰ
ਪੱਥਰ ਤੋਂ ਖ਼ੁਦਾ ਹੋ ਗਿਆ
ਖ਼ੁਦਾ ਤੋਂ ਪੱਥਰ ਹੋ ਗਿਆ
ਸਮੁੰਦਰ ਡੀਕ
ਪਹਾੜ ਫ਼ਤਹਿ ਕਰ
ਪ੍ਰਕਿਰਤੀ ਅੱਖੀਆਂ 'ਚ ਪਾ
ਸਰਗੁਣ ਤੋਂ ਨਿਰਗੁਣ
ਨਿਰਗੁਣ ਤੋਂ ਸਰਗੁਣ ਹੋ ਗਿਆ

-0-

ਪੱਥਰ ਵਜੂਦ
ਗਤੀਆਂ ਜਨਮ ਰਿਹਾ ਹੈ
ਸੂਰਜਾਂ ਨੂੰ
ਚੜ੍ਹਨਾ ਡੁੱਬਣਾ ਸਿੱਖਾ ਰਿਹਾ ਹੈ
ਰਾਤ ਨੂੰ ਦਿਨ
ਦਿਨ ਨੂੰ ਰਾਤ 'ਚ ਢਲਣਾ
ਵਿਖਾ ਰਿਹਾ ਹੈ
ਹਵਾ ਨੂੰ ਵੇਗ
ਅੱਗਣ ਨੂੰ ਬਲਣਾ ਸਮਝਾ ਰਿਹਾ ਹੈ
ਅਚੰਭਾ ਹੈ ਮੇਰੇ ਲਈ
ਸੱਚ ਹੈ ਸੰਸਾਰ ਇਹ ਤੇਰੇ ਲਈ

-0-

ਅਗਤੀ ਜਲ ਨੂੰ ਭਾਫ਼
ਭਾਫ਼ ਨੂੰ ਬੱਦਲ ਬਣਾ ਰਹੀ ਹੈ
ਪ੍ਰਕਿਰਤੀ 'ਚ
ਹਰਿਆਵਲ ਧਰ ਰਹੀ ਹੈ
ਧਰਤੀ ਘੁੰਮਾ ਰਹੀ ਹੈ
ਬ੍ਰਹਿਮੰਡਕ ਗਤੀ ਵਿੱਧੀ ਦੀ ਕੁੱਖ
ਪੱਥਰ ਦਾ ਵਜ਼ੂਦ ਹੈ
ਜੋ ਸਵੈਂਯ ਮ ਖੜ੍ਹਾ ਹੈ ਗਤੀ ਰਹਿਤ ਹੈ
ਅਚੰਭਾ ਹੈ ਮੇਰੇ ਲਈ
ਸੱਚ ਹੈ ਸੰਸਾਰ ਇਹ ਤੇਰੇ ਲਈ

-0-

ਉਹ ਅਜਨਮਾਂ ਹੈ
ਮ੍ਰਿਤਯੂ ਰਹਿਤ ਹੈ
ਫਿਰ ਵੀ ਸ੍ਰਿਸ਼ਟੀ ਦਾ ਰਚੇਤਾ ਹੈ
ਕੁਦਰ਼ਤ ਦੀ ਕਾਰਜ ਪ੍ਰਣਾਲੀ ਦਾ
ਕਰਤਾ ਹੈ
ਜੋ ਦ੍ਰਿਸ਼ਟੀ ਤੇ ਅਨੁਭਵ ਤੋਂ ਬਾਹਰ ਹੈ
ਚੇਤਨਾ ਬੁੱਧ ਜਗਿਆਸਾ ਤੋਂ ਪਾਰ ਹੈ
ਉਹ ਆਪ
ਆਪਾ ਜਾਨਣਹਾਰ ਹੈ
ਆਪ ਆਪਣਾ ਕਲਬੂਤ
ਆਪਣਾ ਦੁਆਰ ਹੈ
ਪੱਥਰ ਕੀ ਸੋਚ ਸਕਦਾ ਹੈ
ਕੀ ਜਾਣ ਸਕਦਾ ਹੈ
ਆਪਣਾ ਆਪਾ
ਕਿਵੇਂ ਪਹਿਚਾਣ ਸਕਦਾ ਹੈ

ਅਚੰਭਾ ਹੈ ਮੇਰੇ ਲਈ
ਸੱਚ ਹੈ ਸੰਸਾਰ ਇਹ ਤੇਰੇ ਲਈ

-0-

ਦੁਨੀਆਂ ਦਾ ਕਾਰੋਬਾਰ
ਕੁਦਰਤ ਦਾ ਦਾਰੋਮਦਾਰ
ਮੌਸਮਾਂ ਰੁੱਤਾਂ ਬਹਾਰਾਂ
ਪੱਤਝੜਾਂ ਦਾ ਆਉਣਾ ਜਾਣਾ
ਬ੍ਰਹਿਮੰਡਕ
ਸੰਚਾਲਕ ਸ਼ਕਤੀ ਦੀ ਉਰਜਾ
ਪੱਥਰ ਆਪ ਹੈ
ਪੱਥਰ ਤਾਂ ਪੱਥਰ ਹੈ
ਪੱਥਰ ਕਿਵੇਂ ਸਿਜਰਣਹਾਰ ਹੈ

-0-

ਉਹ ਅਫੁਰ ਹੈ ਨਿਰਜਣ ਹੈ.
ਸ਼ੂਨਯ ਹੈ
ਉਸ ਦੀ ਸ਼ਨਾਖ਼ਤ ਕੋਈ ਨਹੀਂ
ਉਸ ਦਾ ਵਜ਼ੂਦ ਕੋਈ ਨਹੀਂ
ਦੁਨਿਆਵੀ ਮਨੁੱਖ
ਉਸ ਨੂੰ ਬ੍ਰਹਮ ਆਖਦੇ ਹਨ
ਪਰ ਉਹ ਖ਼ੁਦ ਨਹੀਂ ਜਾਣਦਾ
ਉਹ ਕੀ ਹੈ ਉਹ ਕੌਣ ਹੈ
ਸੱਚ ਦਾ ਭਰਮ ਹੈ
ਜਾਂ ਭਰਮ ਦਾ ਕਰਮ ਹੈ

-0-

ਮਨੁੱਖ ਸਮਝਦਾ ਹੈ
ਉਹ ਮਨੁੱਖ ਦਾ ਸਵੈ ਹੈ
ਉਹ ਖੁਦ ਨਹੀਂ ਜਾਣਦਾ ਉਹ ਕੀ ਸ਼ੈਅ ਹੈ
ਉਹ ਹੈ ਵੀ ਕਿ ਨਹੀਂ
ਯਥਾਰਥ ਹੈ ਜਾਂ ਸੰਕਲਪ ਹੈ
ਉਹ ਕੁੱਝ ਵੀ ਨਹੀਂ ਜਾਣਦਾ
ਉਹ ਕਿਹੜੀ ਪੈਂਤੀ ਅੱਖਰੀ ਦਾ ਹਰਫ਼ ਹੈ
ਅਚੰਭਾ ਹੈ ਮੇਰੇ ਲਈ
ਸੱਚ ਹੈ ਸੰਸਾਰ ਇਹ ਤੇਰੇ ਲਈ
ਤੂੰ ਪੱਥਰ ਨੂੰ ਖੁਦਾ ਬਣਾਇਆ ਹੈ
ਇਹ ਫਲਸਫਾ ਤੇਰਾ
ਨਾ ਮੈਨੂੰ ਸਮਝ ਆਇਆ ਹੈ

-0-

ਉਹ ਆਪਣੇ
ਸਿਫ਼ਰ ਸਫ਼ਰ 'ਚ
ਅਕਾਸ਼ ਮੁੱਠੀ 'ਚ ਫੜ
ਧਰਤੀ ਕੱਛੇ ਮਾਰ
ਸੂਰਜ ਢਿੱਡ 'ਚ ਉਤਾਰ
ਪੱਥਰ ਤੋਂ ਖ਼ੁਦਾ ਹੋ ਗਿਆ
ਖ਼ੁਦਾ ਤੋਂ ਪੱਥਰ ਹੋ ਗਿਆ

-----

## ਮਰਨ ਤੋਂ ਪਹਿਲਾਂ

ਉਹ
ਕਈਆਂ ਨਦੀਆਂ ਦੇ
ਜਿਸਮਾਂ 'ਚ ਤੁਰਿਆ
ਕਈ ਨਦੀਆਂ
ਆਪਣੇ ਜਿਸਮ 'ਚ ਤੋਰੀਆਂ
ਕਈ ਦਿਨ ਰਾਤਾਂ ਨੂੰ ਮੋੜੇ
ਕਈ ਤ੍ਰਕਾਲਾਂ
ਸੂਰਜਾਂ ਨੂੰ ਮੋੜੀਆਂ

-0-

ਉਸ ਨੇ ਕਈ ਜੰਗਲ ਉੱਠਾਏ
ਸਹਿਰਾ 'ਚ ਧਰ ਦਿੱਤੇ
ਕਈ ਸਾਗਰ ਡੀਕੇ
ਕਈ ਧਰਤੀਆਂ ਕੱਛੀਆਂ
ਦਿਸ਼ਾਵਾਂ ਨੂੰ ਰਾਹ
ਪੈਰਾਂ ਨੂੰ ਮੰਜ਼ਿਲਾਂ ਦਿੱਤੀਆਂ
ਉਹ ਪਰਬਤ ਵੀ ਹੋਇਆ
ਮੈਦਾਨ ਵੀ
ਧਰਤ ਵੀ ਹੋਇਆ ਅਸਮਾਨ ਵੀ

-0-

ਉਸ ਹਰ ਕਲਬੂਤ 'ਚ
ਆਪਾ ਢਾਲਿਆ
ਤੇ ਕਲਬੂਤ ਹੋ ਗਿਆ
ਕਲਬੂਤ ਦੀ ਰੂਹ ਲਹੂ ਮਾਸ
ਤੇ ਵਜੂਦ ਹੋ ਗਿਆ

ਕੋਈ ਨਹੀਂ ਸੀ ਪਹਿਚਾਣਦਾ
ਕਲਬੂਤ 'ਚ ਕਲਬੂਤ ਹੈ
ਜਾਂ ਕਲਬੂਤ ਦਾ ਸੱਚ ਹੈ
ਉਹ
ਉਹ ਸੀ ਦੂਸਰਾ ਜੋ ਸੀ
ਦੂਸਰਾ ਜੋ ਸੀ ਉਹ
ਉਹ ਸੀ

–0–

ਪਰ ਉਸ ਕਦੀ ਵੀ
ਆਪਣੇ ਆਪ 'ਚ
ਆਪਾ ਨਾ ਢਾਲਿਆ
ਨਾ ਆਪਣੀ ਸੋਚ ਦਾ ਗ਼ੁਲਾਮ
ਹੋਇਆ
ਨਾ ਆਪਣੇ ਪੈਰਾਂ ਦੀ ਗਤੀ ਦਾ
ਨਿਸ਼ਾਨ ਹੋਇਆ
ਨਾ ਦਿਲ ਦੀ ਧੜਕਣ
ਨਾ ਸਾਹਾਂ ਦਾ ਮੁਥਾਜ਼ ਹੋਇਆ
ਨਾ ਆਪਣੇ ਲਹੂ ਦਾ
ਰੰਗ ਹੀ ਬਣਿਆ
ਨਾ ਆਪਣੀ ਦੇਹ ਦਾ ਸਾਇਆ
ਨਾ ਸਾਏ ਦਾ ਸੰਗ ਹੀ ਬਣਿਆ

–0–

ਉਹ
ਆਪਣੇ ਆਪ 'ਚ ਰਹਿ ਕੇ ਵੀ
ਆਪਣੇ ਤੋਂ ਅਲੱਗ ਸੀ
ਉਹ.

ਦੂਜਿਆਂ ਦਾ ਸਭ ਕੁੱਝ ਸੀ
ਦੂਜਿਆਂ ਲਈ ਸਭ ਕੁੱਝ ਸੀ
ਦੂਜਿਆਂ ਲਈ
ਉਹ ਚੰਨਾਂ ਸੂਰਜਾਂ ਤਾਰਿਆਂ
ਭਰਿਆ ਅਸਮਾਨ ਸੀ
ਆਪਣੇ ਲਈ ਨਾ ਆਪਣਾ
ਨਾ ਆਪਣਾ ਕੋਈ
ਉਸ ਦਾ ਜਹਾਨ ਸੀ
ਧਰਤੀ ਦੀਆਂ ਰਹਿਮਤਾਂ
ਨਿਹਮਤਾਂ
ਸੱਚ ਸੁੰਦਰਤਾ ਕਲਿਆਣ ਦਾ ਅਹਿਸਾਸ
ਉਸ 'ਚ ਵੱਸਦਾ ਸੀ
ਉਹ ਆਪਣੇ ਹਨ੍ਹੇਰੇ 'ਚ
ਦੂਜਿਆਂ ਲਈ ਜਗਦਾ ਸੀ

-0-

ਜੋ ਦੁਨੀਆਂ ਸੀ ਉਹ
ਉਹ ਨਹੀਂ ਸੀ
ਜੋ ਉਹ ਸੀ ਦੁਨੀਆਂ ਨਹੀਂ ਸੀ
ਇਸ ਵਿੱਥ ਨੂੰ
ਉਹ ਆਪਣੇ ਆਪ
ਤੋਂ ਦੁਨੀਆਂ 'ਚ ਵਿਸਥਾਰਦਾ ਹੀ ਗਿਆ
ਉਹ
ਦੁਨੀਆਂ ਦਾ ਕਰਤਾ ਤਾਂ ਨਾ
ਹੋ ਸਕਿਆ
ਪਰ ਕਰਤੇ ਦੇ ਗੁਣ ਧਾਰਦਾ ਹੀ ਗਿਆ

ਮਿੱਟੀ ਦੇ ਦੀਵਿਆਂ 'ਚ
ਆਪਣਾ ਸੂਰਜ ਉਤਾਰਦਾ ਹੀ ਗਿਆ

-0-

ਉਹ ਆਪਣੇ 'ਚ
ਧੁੱਖਦਾ ਰਿਹਾ
ਉੱਬਲਦਾ ਤੇ ਰਿੱਝਦਾ ਰਿਹਾ
ਆਪਣਾ ਦਾਇਰਾ ਤਿਆਗ਼
ਹਰ ਬਿੰਦੂ 'ਚ ਉਤਰਦਾ ਰਿਹਾ
ਚਿਹਰਿਆਂ ਦੇ ਤੱਪਦੇ ਥਲਾਂ 'ਚ
ਸਾਗਰ ਬਣ ਵਹਿੰਦਾ ਰਿਹਾ
ਉਸ ਦਾ ਸੁਪਨਾ ਸੀ
ਕਿ ਮਰਨ ਤੋਂ ਪਹਿਲਾਂ
ਉਹ ਇਨਸਾਨ ਬਣ ਸਕੇ
ਉਸ ਵਿਚਲਾ ਹੈਵਾਨ ਮਰ ਸਕੇ
ਮਰਨ ਤੋਂ ਪਿੱਛੋਂ
ਉਹ ਆਪਣੀ ਕਬਰ ਤੇ
ਜ਼ਿੰਦਗੀ ਦਾ ਸਦਾ ਲਈ ਜਗਦਾ
ਚਿਰਾਗ਼ ਧਰ ਸਕੇ

-----

# ਬਾਹਰੋਂ ਆਇਆ ਆਦਮੀ

(ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

## ਤਤਕਰਾ

1. ਬਾਹਰੋਂ ਆਇਆ ਅਦਮੀ
2. ਸਮੁੰਦਰ
3. ਕਾਠ ਦਾ ਮਨੁੱਖ
4. ਪਦਾਰਥਕ ਵਿਕਾਸ
5. ਰੁੱਖ ਪਹਾੜ ਤੇ ਪੱਥਰ
6. ਅਸਤੀਆਂ
7. ਜਲ-ਜੀਵਨ
8. ਨਦੀ ਦਾ ਜਲ ਉਦਾਸ ਹੈ
9. ਅੰਕੁਰ ਦੀ ਲਾਸ਼
10. ਆਧੁਨਿਕ ਵਿਕਾਸ
11. ਚੇਤਨਾ ਤੇ ਸਿਰਜਣਾ
12. ਆਦਮੀ ਦੀ ਭਾਲ
13. ਆਧੁਨਿਕ ਮਨੁੱਖ
14. ਸਮੱਗਰੀ ਤੇ ਸਿਰਜਣਾ
15. ਜੀਵਨ ਤਬਦੀਲੀ
16. ਇਕ ਪਾਸੜ ਦੌੜ
17. ਸੀਮਿੰਟ ਸਰੀਏ ਦਾ ਵਜ਼ੂਦ
18. ਨਜ਼ਰ ਦੇ ਪਿੱਛੇ
19. ਨਵ-ਪੁੰਗਰਾਂ
20. ਸੰਤਾਪ

21. ਧਾਤੂ ਦਾ ਵਿਸਥਾਰ

22. ਬੱਦਲ ਸਾਗਰ ਤੇ ਮਗਰਮੱਛ

23. ਬੀਚ

24. ਬਾਗ਼ਬਾਨ

25. ਲਹਿਰ ਦਾ ਸਫ਼ਰ

26. ਸਵੈ ਖੜੋਤ

27. ਸਾਏ ਦਾ ਸਫ਼ਰ

28. ਨੰਗੀਆਂ ਰੌਸ਼ਨੀਆਂ

29. ਕੱਚੇ ਘਰਾਂ ਦੀ ਮਹਿਕ

30. ਸਮਾਂ ਤੇ ਜ਼ਿੰਦਗੀ

## ਬਾਹਰੋਂ ਆਇਆ ਆਦਮੀ

ਦਸਤਕ ਦਿੱਤੀ
ਖੁੱਲ੍ਹੇ ਦਰ ਅੰਦਰ ਆਉਣ ਤੋਂ
ਇਨਕਾਰ ਕਰ ਦਿੱਤਾ
ਮੇਰੀ ਆਸ 'ਤੇ
ਹਨ੍ਹੇਰਾ ਅਕਾਸ਼ ਧਰ ਦਿੱਤਾ
ਭਟਕਣ ਦਾ ਆਗ਼ਾਜ਼ ਹੋਇਆ
ਇਕੱਲਤਾ ਦਾ ਅਹਿਸਾਸ ਹੋਇਆ

–0–

ਇਹ ਉਸ ਘਰ ਦਾ ਦਰਵਾਜ਼ਾ ਹੈ
ਜੋ ਮੈਂ ਪਦਾਰਥਕ ਵਿਕਾਸ ਚੋਂ
ਸਿਰਜਿਆ ਹੈ
ਜਿਸ 'ਚ ਮੇਰਾ ਸੱਚ
ਘਿਰਿਆ ਤੇ ਮੋਇਆ ਹੈ
ਜਿਸ 'ਚ ਮੇਰੀ ਸਿਰਜੀ
ਆਧੁਨਿਕ ਚੇਤਨਾ ਵੱਸਦੀ ਹੈ
ਮੈਨੂੰ ਆਪਣਾ ਸ਼ਰੀਕ ਦੱਸਦੀ ਹੈ

–0–

ਦੂਜਾ ਦਰ ਖੁੱਲ੍ਹਾ ਸੀ
ਅੰਦਰ ਮਿੱਟੀ ਦੇ ਲੋਕ
ਆਲੇ 'ਚ ਦੀਵਾ ਬਲ ਰਿਹਾ ਸੀ
ਦੀਵੇ ਦੀ ਲੋਅ 'ਚ
ਬੁੱਢਾ ਸਮਾਂ
ਜ਼ਿੰਦਗੀ ਬਿਲਾਸ ਪੜ੍ਹ ਰਿਹਾ ਸੀ

ਚੁੱਲ੍ਹੇ ਅੱਗੇ ਬੁੱਢੀ ਹਵਾ
ਸਰਵੰਨ ਕਰ ਰਹੀ ਸੀ
ਬਲ ਰਿਹਾ ਸੀ ਚੁੱਲ੍ਹਾ
ਆਪ ਠਰ ਰਹੀ ਸੀ

-0-

ਜ਼ਿੰਦਗੀ ਦਾ ਸੱਚ
ਘਰ ਚੋਂ ਨਜ਼ਰ ਆ ਰਿਹਾ ਸੀ
ਬੁੱਢੀ ਹਵਾ ਬੁੱਢਾ ਸਮਾਂ
ਆਪਣਾ ਆਪਣਾ ਸੂਤ ਕੱਤ
ਆਪਣੇ ਘਰੀਂ ਜਾ ਰਹੇ ਸੀ
ਵਰਤਮਾਨ
ਭੂਤ ਦੇ ਵਿਚ ਢਲ ਰਿਹਾ ਸੀ
ਚੁੱਲ੍ਹਾ ਅਜੇ ਵੀ ਬਲ ਰਿਹਾ ਸੀ
ਦੀਵਾ ਅਜੇ ਵੀ ਜਗ ਰਿਹਾ ਸੀ

-0-

ਤੀਜੇ ਦਰ ਦੀ ਬੈੱਲ ਕੀਤੀ
ਅੰਦਰ ਮੀਮਿੰਟ ਸਰੀਏ ਪੱਥਰ
ਸ਼ੀਸ਼ੇ ਦੇ ਲੋਕ ਸਨ
ਜਿਨ੍ਹਾਂ ਦੇ ਸਿਰ ਬਿਜਲੀ ਦੇ
ਪਲਾਸਟਿਕ ਦੇ ਧੜ ਸਨ
ਜਿਨ੍ਹਾਂ ਦੀ ਜੀਵਨ ਸਮੱਗਰੀ
ਅਕਾਸ਼ ਤੋਂ ਉੱਚੇਰੀ ਸੀ
ਪਰ ਉਨ੍ਹਾਂ ਦੀ ਆਪਣੀ ਜ਼ਿਦਗੀ
ਇਕ ਮਿੱਟੀ ਦੀ ਢੇਰੀ ਸੀ

-0-

ਆਦਮੀਅਤ ਦੀ ਮਹਿਕ
ਜਿਨ੍ਹਾਂ ਤੋਂ ਕੋਹਾਂ ਦੂਰ ਸੀ
ਲਹੂ 'ਚ ਕੰਧਾਂ ਦਿਲ 'ਚ ਲਾਲਚ
ਅੱਖੀਆਂ 'ਚ ਗਰੂਰ ਸੀ
ਕਾਠ ਦਾ ਕਬੂਤਰ
ਬਨ੍ਹੇਰੇ ਤੇ ਪੈਲ ਪਾਉਂਦਾ ਸੀ
ਕੱਚ ਦਾ ਮੋਰ
ਵਿਹੜੇ 'ਚ ਨੱਚਦਾ ਨਜ਼ਰ ਆਉਂਦਾ ਸੀ
ਵਰਤਮਾਨ
ਜੋ ਭੂਤ 'ਚ ਢਲਿਆ ਸੀ
ਇਸ ਘਰ ਦੀ ਛੱਤੇ
ਸੂਰਜ ਬਣ ਕੇ ਚੜ੍ਹਿਆ ਸੀ

-0-

ਪਹਿਲਾ ਜੀਵਨ ਦਰ
ਮੈਨੂੰ ਆਪਣੇ ਚੋਂ ਮੰਨਫ਼ੀ ਕਰ ਗਿਆ
ਮੇਰੀ ਤਲੀ 'ਤੇ
ਜਿਊਣ ਦਾ ਸੰਤਾਪ ਧਰ ਗਿਆ
ਦੂਜਾ
ਮੇਰਾ ਇਤਿਹਾਸ ਬਣ ਕੇ ਰਹਿ ਗਿਆ
ਤੀਜਾ
ਜੋ ਵਰਤਮਾਨ ਬਣ ਕੇ ਉੱਗਿਆ ਸੀ
ਆਦਮ ਵਿਚਲਾ
ਆਦਮ ਖਾਹ ਗਿਆ

-0-

ਮੈਂ ਅਜੋਕਾ ਮਨੁੱਖ ਹਾਂ
ਬੀਜ 'ਚ ਵਿਚਰਦਾ
ਜਿਉਂਦਾ ਜਾਗਦਾ ਰੁੱਖ ਹਾਂ
ਪੈਰ ਹਨ ਰਾਹ ਕੋਈ ਨਹੀਂ
ਜੀਭ ਹੈ ਸ਼ਬਦ ਅਰਥ ਕੋਈ ਨਹੀਂ
ਲਹੂ ਮਾਸ ਦਾ ਪੁਤਲਾ ਹਾਂ ਮੈਂ
ਪੈਰਾਂ 'ਚ ਧਰਤ
ਸਿਰ ਤੇ ਅੰਬਰ ਕੋਈ ਨਹੀਂ
ਭੀੜ ਹੈ ਮੇਰੇ ਦੁਆਲੇ
ਆਦਮੀ ਕੋਈ ਨਹੀਂ

-0-

ਸ਼ੀਸ਼ੇ ਦਾ ਜੰਗਲ
ਨਜ਼ਰ ਵਿਚ ਫੈਲਿਆ ਹੈ
ਸ਼ੀਸ਼ੇ ਦੇ ਜੰਗਲ ਦੀ
ਕਦ ਛਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ 'ਚ
ਕਦ ਕੋਈ ਬਾਪ ਹੁੰਦਾ ਹੈ
ਕਦ ਕੋਈ ਮਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ ਨੂੰ
ਕਦ ਫੱਲ ਲੱਗਦੇ ਹਨ
ਸ਼ੀਸ਼ੇ ਦੇ ਰੁੱਖਾਂ ਤੇ ਪੰਛੀ
ਕਦ ਆਲ੍ਹਣੇ ਲਈ ਕੱਖ ਧਰਦੇ ਹਨ

-0-

ਆਦਮੀ ਪੈਰ ਪੁੱਟੇ
ਤਾਂ ਕਿਸ ਦਿਸ਼ਾ ਵਿਚ
ਸਾਹ ਲਵੇ ਤਾਂ ਕਿਸ ਹਵਾ ਵਿਚ
ਆਦਮੀ ਆਪਣੇ ਤੋਂ
ਆਪਣੇ ਤਕ ਦਾ ਹੀ ਸਫ਼ਰ ਕਰਦਾ ਹੈ
ਆਪਣੀ ਭਟਕਣ 'ਚ ਜਿਉਂਦਾ ਹੈ
ਆਪਣੀ ਭਕਟਣ 'ਚ ਮਰਦਾ ਹੈ

------

## ਸਮੁੰਦਰ

ਉਹ ਬੀਜਿਆ ਉੱਗਿਆ
ਗਲੀਆਂ ਭੀੜਾਂ ਬਜ਼ਾਰਾਂ 'ਚ ਵਿੱਕਿਆ
ਇਕੱਲਾ ਇਕੱਲਾ
ਉਹ ਮੋਇਆ
ਤਾਂ ਸਭ ਕੁੱਝ ਨਾਲ ਲੈ ਕੇ ਮੋਇਆ
ਉਹ ਜੀਵਿਆ
ਤਾਂ ਜੀਵਿਆ ਇਕੱਲਾ ਇਕੱਲਾ

-0-

ਉਹ ਸਾਗਰ 'ਚ ਉੱਤਰਿਆ
ਇਕੱਲੇ ਨੂੰ ਮਿਲਿਆ
ਇਕੱਲਾ ਇਕੱਲਾ
ਅੱਥਰੂ ਹੋਏ
ਸਾਗਰ ਦੀ ਚੁੱਪ ਪੁੰਗਰੀ
ਇਕੱਲੇ ਦੇ ਵਿਹੜੇ
ਕੋਈ ਤਾਂ ਆਇਆ
ਇਕੱਲਾ ਇਕੱਲਾ

-0-

ਚੁੱਪ ਨੇ ਸੁਣਾਏ
ਰੌਣਕਾਂ ਰੰਗੀਨੀਆਂ ਦੇ ਕਿੱਸੇ
ਨਜ਼ਰ ਕੀਤੇ ਜੀਵ-ਜੰਤੂ ਡਿੱਠੇ-ਅਣਡਿੱਠੇ
ਇਤਿਹਾਸਕ ਸਮੇਂ ਦੇ ਜੰਗਾਲੇ ਚਿਹਰੇ
ਮੋਈਆਂ ਸਭਿਅਤਾਂ ਦੇ ਸ਼ਾਮਾਂ ਸਵੇਰੇ
ਹੀਰੇ ਲਾਲਾਂ ਜਵਾਹਰਾਂ ਦੇ ਅੰਬਾਰ
ਜਲ ਨੀਲਤਾ ਤੇ ਜੰਗਲ ਪਹਾੜ

ਸਭ ਓੱਪਰੇ ਓੱਪਰੇ ਨਜ਼ਰ ਆ ਰਹੇ ਸਨ
ਜਲ ਦੇ ਕੀੜੇ ਜਲ ਦਾ ਜਿਸਮ ਖਾ ਰਹੇ ਸਨ

-0-

ਹਰ ਬੂੰਦ ਸਾਗਰ
ਹਰ ਮੱਛੀ ਦਰਿਆ ਹੋ ਗਈ ਸੀ
ਸਾਗਰ ਦੇ ਵਿਪਰੀਤ
ਸਾਗਰ ਦੇ ਜਲ ਦੀ ਹਵਾ ਹੋ ਗਈ ਸੀ
ਹਰ ਜੀਵ-ਜੰਤੂ ਦੀ
ਆਪਣੀ ਸੀ ਹਸਤੀ
ਸਾਗਰ ਸਮੱਗਰੀ ਖ਼ੁਦਾ ਹੋ ਗਈ ਸੀ
ਸਾਗਰ ਦੀ ਦੇਹ ਤੋਂ ਸੀ
ਸਾਇਆ ਲੰਮੇਰਾ
ਸਹਿਰਾ ਦਾ ਧੜ ਸੀ
ਸਾਗਰ ਦਾ ਚਿਹਰਾ

-0-

ਚੜ੍ਹਿਆ ਸੂਰਜ
ਪਦਾਰਥ ਦਾ ਅੰਬਰੀਂ
ਹਨ੍ਹੇਰਾ
ਮਿੱਟੀ ਦੇ ਘਰੀਂ ਉਤਰ ਆਇਆ
ਸ਼ੀਸ਼ੇ ਦੇ ਲੋਕਾਂ ਮਨਾਈ ਦੀਵਾਲੀ
ਰਾਵਣ ਸਿਮਰਿਆ
ਤੇ ਰਾਮਾ ਜਲਾਇਆ
ਪਦਾਰਥ ਨੇ ਦੀਵਾ ਹੀਣ-ਭਾਵਨਾ ਦਾ
ਮਨੁੱਖੀ ਦਿਸਹੱਦਿਆਂ ਤੇ ਧਰਿਆ

ਦੀਵੇ ਦੀ ਲੋਅ 'ਚ
ਸਾਗਰ ਤੋਂ ਕਤਰੇ 'ਚ ਮਾਨਵ ਸੁੰਘੜਿਆ

-0-

ਇਕੱਲਾ
ਇਕੱਲੇ ਦੇ ਘਰ ਆਇਆ
ਇਕੱਲਤਾ
ਇਕੱਲਤਾ ਨੂੰ ਗਲ ਨਾਲ ਲਾਇਆ
ਇਕੱਲੇ ਦਾ ਸੱਚ
ਇਕੱਲੇ ਨੇ ਪੜ੍ਹਿਆ
ਮਾਨਵ ਨੇ ਸਾਗਰ
ਸਾਗਰ ਨੇ ਮਾਨਵ ਸਾਹਾਂ 'ਚ ਭਰਿਆ
ਜੋ ਆਪਣਾ ਧੁੱਖਦਾ ਸਿਵਾ ਵੇਖਦੇ ਸਨ
ਮੁਰਦੇ ਕਬਰਾਂ ਦਾ ਨਿੱਘ ਸੇਕਦੇ ਸਨ

-0-

ਉਹ ਬੀਜਿਆ ਉੱਗਿਆ
ਗਲੀਆਂ ਭੀੜਾਂ ਬਜ਼ਾਰਾਂ 'ਚ ਵਿਕਿਆ
ਇਕੱਲਾ ਇਕੱਲਾ
ਉਹ ਮੋਇਆ
ਤਾਂ ਸਭ ਕੁੱਝ ਨਾਲ ਲੈ ਕੇ ਮੋਇਆ
ਉਹ ਜੀਵਿਆ
ਤਾਂ ਜੀਵਿਆ ਇਕੱਲਾ ਇਕੱਲਾ

----

## ਕਾਠ ਦਾ ਮਨੁੱਖ

ਨਿਰੰਤਰ ਸਮੇਂ ਨੂੰ
ਘੜੀ ਅੰਕ ਰਹੀ ਹੈ
ਗਤੀ ਨੂੰ
ਅਗਤੀ ਅੰਕ ਰਹੀ ਹੈ

-0-

ਕਰੋਮ ਦਾ ਅੰਬਰ
ਸੂਰਜ ਚੰਨ ਸਿਤਾਰੇ ਹਨ
ਕਰੋਮ ਦੇ ਸ਼ਬਦਾਂ ਅਰਥਾਂ ਦੀ ਦੁਨੀਆਂ
ਧਰਤੀ ਤੇ ਹੈ
ਕਾਠ ਦਾ ਮਨੁੱਖ
ਸਮੇਂ ਦੇ ਘੋੜੇ ਤੇ
ਜਾਗਦੇ ਰਹੋ ਦੇ ਬੋਲ ਉਚਾਰ
ਰਿਹਾ ਹੈ
ਸੂਰਜ ਡੁੱਬਣ ਵਾਲਾ ਹੈ
ਹਨ੍ਹੇਰਾ ਹੋਣ ਵਾਲਾ ਹੈ
ਆਪਣਾ ਜਲ ਪੌਣ
ਧਰਤ ਅੰਬਰ ਸੰਭਾਲੋ
ਘਰਾਂ ਦੇ ਘਰਾਂ 'ਚ
ਮਸਤਕ ਦੇ ਮਸਤਕ 'ਚ ਚਿਰਾਗ਼ ਬਾਲੋ

-0-

ਇਤਿਹਾਸ ਨੇ
ਦਾਰਸ਼ਨਿਕ ਸਮੇਂ ਦੀ ਚੇਤਨ
ਨਾਰ ਜਨਮੀਂ ਹੈ
ਸਿਰ ਮੰਗਦੀ

ਸੋਚ ਦੀ ਤਲਵਾਰ ਜਨਮੀਂ ਹੈ
ਜਿਸ ਨੇ ਪਦਾਰਥ ਚੋਂ ਮਨੁੱਖ
ਮਨੁੱਖ ਚੋਂ
ਪਦਾਰਥ ਉੱਗਾਇਆ ਹੈ
ਲਹੂ ਮਾਸ ਨੇ ਮਾਨਵ ਨੂੰ
ਕਾਠ ਦਾ ਪੁਤਲਾ ਬਣਾਇਆ ਹੈ

-0-

ਪੁਲ ਦਰਿਆ ਸੀਕ ਗਿਆ ਹੈ
ਕਿਨਾਰੇ ਸਮੁੰਦਰ ਡੀਕ ਗਏ ਹਨ
ਹਰਿਆਵਲ ਜੰਗਲ ਖਾ ਗਈ ਹੈ
ਮੌਤ ਜ਼ਿੰਦਗੀ ਨੂੰ
ਜਿਉਣਾ ਸਿੱਖਾ ਰਹੀ ਹੈ
ਹਰੀਆਂ ਐਨਕਾਂ ਨੂੰ
ਅੱਗਣ ਹਰੀ ਲੱਗ ਰਹੀ ਹੈ
ਕਬਰਾਂ ਦੀ ਮਿੱਟੀ
ਘਰਾਂ ਚੁੱਲ੍ਹਿਆਂ ਚੌਕਿਆਂ 'ਚ
ਵੱਸਣ ਧਰ ਰਹੀ ਹੈ
ਵਿਸ਼ਵ ਯਥਾਰਥ ਤੋਂ
ਪਦਾਰਥ ਨਜ਼ਰ ਆ ਰਿਹਾ ਹੈ
ਜਨਮਦਾ ਹੈ ਭਰਮ
ਸੱਚ ਛੁਪਾ ਰਿਹਾ ਹੈ

-0-

ਬੁੱਤ ਸ਼ਰਧਾ ਦੇ ਅਰਥ
ਸਮਝਾ ਰਹੇ ਹਨ

ਪੱਥਰ ਰੱਬ
ਮਨੁੱਖ ਪੱਥਰ ਹੁੰਦੇ ਜਾ ਰਹੇ ਹਨ
ਭੀੜ ਨਜ਼ਰ ਆ ਰਹੀ ਹੈ
ਆਦਮੀ ਕੋਈ ਨਹੀਂ
ਸੂਰਜਾਂ ਦੀ ਫ਼ਸਲ ਹੈ ਧਰਤ 'ਤੇ
ਰੌਸ਼ਨੀ ਕੋਈ ਨਹੀਂ

-0-

ਕਾਠ ਦੇ ਮਨੁੱਖ ਨੂੰ
ਮਨੁੱਖ ਹੋਣ ਦਾ ਭਰਮ ਬੜਾ ਹੈ
ਸਿਰ ਧੜ ਨਾ ਪੈਰ ਆਪਣੇ ਹਨ
ਜਿਨ੍ਹਾਂ ਤੇ ਖੜ੍ਹਾ ਹੈ
ਕਿੱਥੋਂ ਤੁਰਿਆ ਸੀ
ਕਿੱਥੇ ਆ ਗਿਆ ਹੈ ਆਦਮੀ
ਆਪਣਾ ਸੱਚ
ਕਰੋਮ ਦੀ ਸਿਰਜਣਾ
ਸਿਰਜਣ ਦੇ ਲੇਖੇ ਲਾ ਗਿਆ ਹੈ
ਆਦਮੀ

-0-

ਨਿਰੰਤਰ ਸਮੇਂ ਨੂੰ
ਘੜੀ ਅੰਕ ਰਹੀ ਹੈ
ਗਤੀ ਨੂੰ
ਅਗਤੀ ਅੰਕ ਰਹੀ ਹੈ

-----

## ਪਦਾਰਥਕ ਵਿਕਾਸ

ਵਿਸ਼ਵ 'ਚ ਵੱਖ ਹੈ
ਜਿਸਮ ਤੋਂ ਜਿਸਮ
ਸਾਏ ਤੋਂ ਸਾਇਆ
ਜਿਸ ਭੀੜ ਚੋਂ
ਭਾਲਦਾ ਹਾਂ ਆਪਣਾ ਚਿਹਰਾ
ਉਸ ਭੀੜ ਦਾ ਹੈ ਤਿੜਕਿਆ ਸ਼ੀਸ਼ਾ

-0-

ਸ਼ੀਸ਼ੇ ਦੇ ਪਿੰਜਰੇ ਦੀ ਗੁਲਾਮੀ
ਜੀਅ ਰਹੇ ਨੇ ਲੋਕ
ਲਹੂ 'ਚ ਮੋਏ ਪ੍ਰਵਾਜ਼ ਦਾ ਨਿੱਘ
ਪੀ ਰਹੇ ਨੇ ਲੋਕ
ਸੜਕਾਂ ਤੇ ਰੋਬਾਟ
ਅੰਬਰ 'ਚ ਪਹਾੜ
ਸਾਗਰ 'ਚ ਪੱਥਰ ਤੈਰਦੇ ਹਨ
ਰੌਣਕਾਂ ਰੰਗੀਨੀਆਂ ਹਨ
ਨੰਗਿਆਂ ਜਿਸਮਾਂ ਦੇ
ਮੰਡੀਆਂ ਬਜ਼ਾਰ ਹਨ
ਹਰ ਚੀਜ਼ ਵਿੱਕ ਰਹੀ ਹੈ
ਸੰਧਲੀ ਖੁਸ਼ਬੂਆਂ ਦੇ
ਪੱਥਰ ਖਰੀਦਾਰ ਹਨ
ਬਲੌਰੀ ਜ਼ਿੰਦਗੀ ਤਾਂ ਹੈ
ਪਰ ਸੱਚ ਆਲੋਪ ਹੈ

ਨਜ਼ਰ ਹੈ ਜੋ ਆ ਰਿਹਾ
ਜ਼ਿੰਦਗੀ ਨਹੀਂ
ਜ਼ਿੰਦਗੀ ਦਾ ਫ਼ੋਕ ਹੈ

-0-

ਸਥੂਲ ਵਸਤੂਆਂ
ਗਤੀ ਦਾ ਰੂਪ ਧਾਰਿਆ
ਧਰਤ ਦੀ ਪੈਂਤੀ ਅੱਖਰੀ ਤੋਂ
ਜੋ ਵਾਕਿਫ਼ ਨਹੀਂ
ਪਦਾਰਥੀ ਵਿਕਾਸ ਨੇ
ਉਹ ਆਦਮੀ ਚੰਨ ਤੇ ਉਤਾਰਿਆ
ਹਰ ਵਸਤ ਨੇ
ਆਪਣਾ ਸਿਖ਼ਰ ਛੋਹਿਆ ਹੈ
ਕੀ ਬੀਜਿਆ
ਕੀ ਉੱਗ ਖਲੋਇਆ ਹੈ
ਫੁੱਲ ਚੋਂ ਪੱਥਰ
ਸੂਰਜ ਚੋਂ ਹਨ੍ਹੇਰ
ਜ਼ਿੰਦਗੀ ਚੋਂ ਸ਼ਮਸ਼ਾਨ
ਨਜ਼ਰ ਆਇਆ ਹੈ

-0-

ਮੌਸਮਾਂ ਰੁੱਤਾਂ ਬਹਾਰਾਂ ਦੀ
ਅਕਾਸ਼ਬਾਣੀ
ਸ਼ੀਸ਼ੇ ਦੇ ਗੁਲਸ਼ਨ ਦਾ ਕਾਰੋਬਾਰ ਹੈ
ਲੋਕਾਂ ਦੇ ਸਾਹਾਂ ਦੀ ਮਹਿਕ ਹੈ
ਜੀਵਨ ਦਾ ਦਾਰੋਮਦਾਰ ਹੈ
ਜਿਸਤ ਦਾ ਬੱਦਲ

ਧਰਤ 'ਤੇ ਹੈ ਵਰ੍ਹ ਗਿਆ
ਸਾਗਰਾਂ ਨੂੰ ਊਣੇ
ਖੂਹਾਂ ਨੂੰ ਪਿਆਸੇ ਕਰ ਗਿਆ

–0–

FABRIC ਕਲੀਆਂ ਦੀ ਮਹਿਕ
ਕਾਗ਼ਜ਼ੀ ਫੁੱਲਾਂ ਦੀ ਰੰਗਤ
ਕੁਦਰਤ ਤੇ ਕੁਦਰਤ ਦਾ ਮਾਲੀ
ਖਾ ਗਈ
ਕਾਠ ਦੀ ਕੋਇਲ
ਤਾਂਬੇ ਦੇ ਰੁੱਖਾਂ 'ਚ ਬੈਠੀ
ਹੈ ਮਰਸੀਆ ਗਾ ਰਹੀ

–0–

ਆਦਮੀ ਜਦ ਵੇਖਦਾ ਹੈ
ਆਪ ਸਿਰਜੇ ਵਿਸ਼ਵ ਚੋਂ
ਆਪਣੀ ਪਿੱਠ ਤੇ ਚਿਹਰਾ
ਤਿੜਕਿਆ ਆਪਾ
ਪਿਘਲੇ ਅੰਗਾਂ ਤੇ ਨਕਸ਼ਾਂ ਤੋਂ ਸਿਵਾ
ਕੁੱਝ ਨਜ਼ਰ ਨਹੀਂ ਆਉਂਦਾ
ਜ਼ਿੰਦਗੀ ਝਿੱਲਮਲਾਉਂਦੀ
ਨਜ਼ਰ ਆਉਂਦੀ ਹੈ
ਜ਼ਿੰਦਗੀ ਚੋਂ
ਆਦਮੀ ਨਜ਼ਰ ਨਹੀਂ ਆਉਂਦਾ

–0–

ਪਦਾਰਥੀ ਵਿਕਾਸ
ਜੀਵਨ ਦਾ ਯਥਾਰਥ ਖਾ ਗਿਆ

ਨਦੀਆਂ ਦਾ ਵੇਗ਼
ਦਰਿਆਵਾਂ ਦਾ ਅੱਥਰਾਪ੍ਣ
ਸਾਗਰਾਂ ਦੀ ਨੀਲਤਾ ਮੁਕਾ ਗਿਆ
ਜ਼ਿੰਦਗੀ
ਜ਼ਰੇ ਤੋਂ ਅੰਬਰ ਹੋ ਗਈ
ਆਦਮੀ ਦਾ ਤੁਖ਼ਮ
ਧਰਤੀ ਤੋਂ ਮਿਟਾ ਗਿਆ

-0-

ਅੱਗਾਂ ਜਨਮਦੇ
ਜ਼ਿੰਦਗੀ ਦੇ ਰੁੱਖਾਂ ਦੀ ਛਾਂ
ਹੰਢਾਅ ਰਿਹਾ ਹੈ ਆਦਮੀ
ਆਪਣਾ ਲਹੂ ਪੀ ਰਿਹਾ ਹੈ
ਆਪਣੇ ਹੱਡ ਖਾ ਰਿਹਾ ਹੈ ਆਦਮੀ
ਰੋਜ਼ ਡੁੱਬ੍ਣ ਚੜ੍ਹਣ ਦਾ ਸਫ਼ਰ
ਮੁਕਾ ਰਿਹਾ ਹੈ ਆਦਮੀ

-0-

ਵਿਸ਼ਵ 'ਚ ਵੱਖ ਹੈ
ਜਿਸਮ ਤੋਂ ਜਿਸਮ
ਸਾਏ ਤੋਂ ਸਾਇਆ
ਜਿਸ ਭੀੜ ਚੋਂ
ਭਾਲਦਾ ਹਾਂ ਆਪਣਾ ਚਿਹਰਾ
ਉਸ ਭੀੜ ਦਾ ਹੈ ਤਿੜਕਿਆ ਸ਼ੀਸ਼ਾ

-----

## ਰੁੱਖ ਪਹਾੜ ਤੇ ਪੱਥਰ

ਖੁੱਲ੍ਹੇ ਦਰ
ਜੀ ਆਇਆਂ ਆਖਿਆ
ਬੋਲਿਆ
ਮੈਂ ਲੱਕੜ ਇੱਟਾਂ ਪੱਥਰ
ਸੀਮਿੰਟ ਸਰੀਏ VINAL ਤੋਂ
ਘਰ ਹੋ ਗਿਆ ਹਾਂ
ਆਪਣਾ ਆਪਾ ਪੈਰੀਂ ਲਿਤਾੜ
ਖੁੱਲ੍ਹਾ ਦਰ ਹੋ ਗਿਆ ਹਾਂ
ਮੈਂ ਕਦੀ ਥਲ ਸੀ
ਪਿਆਸ ਦੀ ਉਂਗਲੀ ਫੜੀ
ਜਲ ਹੋ ਗਿਆ ਹਾਂ

-0-

ਉਸ ਨੇ
ਇਕ ਕੰਧ ਤੇ
ਰੁੱਖ ਤੁਰਦਾ ਵਿਖਾਇਆ
ਦੂਜੀ ਤੇ
ਪਹਾੜ ਗਤੀਆਂ ਜਨਮਦਾ
ਨਜ਼ਰ ਆਇਆ
ਤੀਜੀ ਤੇ
ਪੱਥਰ ਜਲ ਤੈਰਦਾ ਪਾਇਆ

-0-

ਚੌਥੀ ਕੰਧ ਬੋਲੀ
ਆਪਣੇ ਅੰਦਰ ਦੀ ਗੰਢ ਖੋਲ੍ਹੋ

ਆਪਾ ਪਹਿਚਾਣੋ
ਆਪਣੇ ਸੱਚ ਨੂੰ ਜਾਣੋ
ਸੱਚ ਬੀਜ ਤੋਂ ਰੁੱਖ
ਰੁੱਖ ਤੋਂ ਬੀਜ ਦਾ ਨਿਰੰਤਰ ਸਫ਼ਰ ਹੈ
ਇਹ ਸੱਚ ਹੀ
ਮਨੁੱਖੀ ਪੈਂਤੀ ਅੱਖਰੀ ਦਾ
ਪਹਿਲਾ ਤੇ ਆਖ਼ਰੀ ਹਰਫ਼ ਹੈ

-0-

ਛੱਤ ਨੇ ਉਚਾਰਿਆ
ਮੈਂ ਆਪਣੀ ਦੇਹ ਦੀ ਅਗਤੀ 'ਚ
ਗਤੀ ਦਾ ਅਹਿਸਾਸ ਭਰਿਆ ਹੈ
ਕੰਧਾਂ ਨੂੰ ਬੰਦਸ਼ ਮੁਕਤ
ਵਿਹੜੇ ਨੂੰ
ਵਿਸ਼ਵ 'ਚ ਬਦਲਿਆ ਹੈ
ਹੁਣ ਜੀਵਨ ਸਮੱਗਰੀ
ਮਨੁੱਖੀ ਕਦਮਾਂ ਨਾਲ
ਕਦਮ ਮੇਲ ਕੇ ਤੁਰੇਗੀ
ਕੁੱਝ ਵੀ ਪਿੱਛੇ ਰਹਿ ਗਿਆ
ਨਜ਼ਰ ਨਹੀਂ ਆਏਗਾ
ਸਮਾਂ ਭੂਤ ਨਹੀਂ
ਵਰਤਮਾਨ ਤੇ ਭਵਿੱਖ ਕਹਾਏਗਾ

-0-

ਘਰ ਦੇ ਮੁੱਖ ਦਰਵਾਜ਼ੇ ਦਾ
ਪ੍ਰਵਚਨ ਸੀ

ਜ਼ਿੰਦਗੀ 'ਚ ਤਾਲਾ ਨਾਲ ਬਣੋ
ਚਾਬੀ ਦਾ ਸੱਚ ਜੀਵੋ
ਆਪਣੇ ਅੰਦਰ ਦੀ ਕਿਰਨ ਲਈ
ਕਾਲਖ਼ਾਂ ਦਾ ਸਫ਼ਰ ਪੀਵੋ
ਜ਼ਿੰਦਗੀ ਦਾ
ਹਰ ਦਰਵਾਜ਼ਾ ਖੁੱਲ੍ਹੇਗਾ
ਆਪਣਾ ਆਪਾ
ਤੁਹਾਡੇ ਹਵਾਲੇ ਕਰੇਗਾ
ਤੁਹਾਡੀ ਅੰਦਰਲੀ ਕਿਰਨ ਦਾ ਸੂਰਜ
ਤੁਹਾਡੀ ਤਲੀ ਧਰੇਗਾ

-0-

ਖੁਲ੍ਹੇ ਦਰ
ਜੀ ਆਇਆਂ ਆਖਿਆ
ਬੋਲਿਆ
ਮੈਂ ਲੱਕੜ ਇੱਟਾਂ ਪੱਥਰ
ਸੀਮਿੰਟ ਸਰੀਏ VINAL ਤੋਂ
ਘਰ ਹੋ ਗਿਆ ਹਾਂ
ਆਪਣਾ ਆਪਾ ਪੈਰੀਂ ਲਿਤਾੜ
ਖੁੱਲ੍ਹਾ ਦਰ ਹੋ ਗਿਆ ਹਾਂ
ਮੈਂ ਕਦੀ ਥਲ ਸਾਂ
ਪਿਆਸ ਦੀ ਉਂਗਲੀ ਫੜੀ
ਜਲ ਹੋ ਗਿਆ ਹਾਂ

-----

# ਅਸਤੀਆਂ

ਆ
ਤੈਨੂੰ ਜੰਗਲ ਵਿਖਾਵਾਂ
ਰੁੱਖ ਰੁੱਖਾਂ ਦੀ ਛਾਂ ਮਿਲਾਵਾਂ
ਜੰਗਲ ਕਿੱਥੇ ਹੈ
ਜੰਗਲ ਤਾਂ
ਪਲਾਸਟਿਕ ਕਰਿਸਟਲ ਤਾਂਬੇ ਦੀ
ਧਾਤੂ ਪ੍ਰਕਿਰਤੀ ਵਿਚ ਰੂਪਾਂਤਰ
ਹੋਇਆ ਹੈ
ਆਪਣਾ ਆਪ ਵਿਸਥਾਰਦਾ ਜੰਗਲ
ਆਪਣੇ ਹੀ ਸਾਏ ਵਿਚ ਮੋਇਆ ਹੈ

-0-

ਹਰ ਰੁੱਖ ਨੇ
ਆਪਣਾ ਮੁਰਦਾ
ਆਪਣੇ ਮੋਢੀਂ ਚੁੱਕਿਆ
ਆਪਣਾ ਸਿਵਾ ਆਪ ਬਾਲ ਕੇ
ਜੰਗਲ ਦੀ ਅੱਖ 'ਚ ਧੁੱਗਿਆ
ਤੁਰਿਆ ਜੰਗਲ ਰੁੱਖਾਂ ਨੂੰ ਲੈ ਕੇ
ਆਪਣੀ ਛਾਂ ਵਿਸਥਾਰਨ
ਜੰਗਲ ਦੇ ਰੁੱਖਾਂ ਦਾ
ਜੰਗਲ ਹੋਰ ਉੱਗਾਵਣ

-0-

ਜੰਗਲ ਬੀਜ ਜਾਂ ਮੁੜਿਆ ਜੰਗਲ
ਘਰ ਦਾ ਜੰਗਲ ਸੁੱਕਾ

ਘਰ ਦੇ ਜੰਗਲ ਦੇ ਚਿਹਰੇ 'ਤੇ
ਜੰਗਲ ਸ਼ੀਸ਼ੇ ਦਾ ਉੱਗਾ
ਜੋ ਆਦਿ ਜੰਗਲ ਦਾ ਸੱਚ ਖਾ ਗਿਆ
ਰੁੱਖਾਂ ਦੀ ਹੋਂਦ ਮਿਟਾ ਕੇ
ਕੱਚ
ਕੁਦਰਤ ਦੇ ਤਖ਼ਤ ਬਿਠਾ ਕੇ
ਹਰਿਆਵਲ ਨੈਣੀਂ
ਰੁੱਖਾਂ ਦੇ ਬਲਦੇ ਸਿਵੇ ਧਰ ਗਿਆ
ਜੰਗਲ ਸ਼ੀਸ਼ੇ ਦਾ ਥਲ ਕਰ ਗਿਆ

-0-

ਖ਼ਾਮੋਸ਼ ਸਮਾਂ
ਸ਼ੀਸ਼ੇ ਦੇ ਅੰਬਰੀਂ
ਹਰੀਆਂ ਐਨਕਾਂ ਲਾਈ ਬੈਠਾ
ਸੜਦਾ ਜੰਗਲ ਤੱਕ ਰਿਹਾ ਹੈ
ਚੰਨ ਅੰਬਰ ਤੇ ਤੈਰ ਰਿਹਾ ਹੈ
ਧਰਤੀ ਚੋਂ ਸੂਰਜ ਉੱਗ ਰਿਹਾ ਹੈ
ਧੂਫ ਚੰਦਨ ਦੀ ਧੁੱਖ ਰਹੀ ਹੈ
ਅਮਨ ਦੀ ਜੋਤੀ ਜਗ ਰਹੀ ਹੈ
ਸੋਚ ਸ਼ਹਿਰ ਦੀ
ਕੱਚ ਦੇ ਰੱਬ ਦੀ ਪ੍ਰਕਰਮਾਂ ਕਰ ਰਹੀ ਹੈ
ਪੌਣ ਜੰਗਲ ਦੀਆਂ ਅਸਤੀਆਂ ਚੁੱਕੀ
ਸ਼ੀਸ਼ੇ ਦੇ ਸ਼ਹਿਰ ਦੀ ਹਰ ਗਲੀ
ਹਰ ਕੂਚੇ ਵਿਚ ਵਗ ਰਹੀ ਹੈ

-----

## ਜਲ ਜੀਵਨ

ਮਨੁੱਖ ਨੂੰ
ਮਨੁੱਖ ਮਿਲਦਾ ਸੀ
ਚੰਭਾ ਖਿੜਦਾ ਸੀ
ਮਨੁੱਖ ਨੂੰ
ਮਨੁੱਖ ਮਿਲਦਾ ਹੈ
ਸੋਗ ਜਨਮਦਾ ਹੈ
ਮਨੁੱਖ 'ਚ ਜੀਵਨ
ਜੀਵਨ 'ਚ ਮਨੁੱਖ ਦਾ ਵਾਸ ਨਹੀਂ
ਜਲ ਨੂੰ ਹੀ
ਜਲ ਦੀ ਪਿਆਸ ਨਹੀਂ

-0-

ਵਿਸ਼ਵ ਸਾਗਰ 'ਚ
ਮੈਗਨਿਜ਼ਮ ਦਾ ਦਿਨ ਹੈ
ਸਿੱਕੇ ਦੀ ਰਾਤ ਹੈ
ਇਸਪਾਤੀ ਮਗਰਮੱਛ
ਤੇ
ਲੱਕੜ ਦੀਆਂ ਮੱਛੀਆਂ
ਤੈਰ ਰਹੀਆਂ ਹਨ
ਸਾਰਾ ਜਲ
ਪਾਰੇ ਦੀ ਜੂਨ ਹੰਢਾਅ ਰਿਹਾ ਹੈ
ਸਹਿਰਾ ਜਨਮ ਰਿਹਾ ਹੈ
ਜਲ ਰੇਤ ਹੁੰਦਾ ਜਾ ਰਿਹਾ ਹੈ

ਕਾਦਰ ਤੇ ਕੁਦਰਤ ਦਾ ਮੁਰਦਾ
ਤਰਦਾ ਨਜ਼ਰੀਂ ਆ ਰਿਹਾ ਹੈ

-0-

ਸਾਗਰ ਕੰਢੇ
ਲੱਤਾਂ ਬਾਹਾਂ ਅੱਖਾਂ ਮੂੰਹ
ਸਿਰ ਪੈਰ ਧੜ ਸੁੱਕਣੇ ਪਏ ਹਨ
ਸਾਗਰ ਸੁੱਕੇ ਉਡੀਕ ਰਹੇ ਹਨ
ਅੰਗਾਂ ਦਾ ਸਾਲਮ ਆਪਾ
ਨਜ਼ਰੀਂ ਆਵੇ
ਤਾਂ ਕਿ ਸੁੱਕਣੇ ਪਏ ਅੰਗ
ਚਿੱਤਰਕਾਰੀ ਨਾਟਕ ਕਵਿਤਾ ਦੇ
ਸਿਰਜਕ ਪਲ ਮਾਣ ਸਕਣ
ਆਪਣੀ ਹੋਂਦ
ਆਪਣਾ ਸੱਚ ਪਹਿਚਾਣ ਸਕਣ

-0-

ਪ੍ਰਸ਼ਨ ਚਿੰਨ੍ਹ ਹੈ
ਆਪਾ ਜਾਣ ਕੇ ਵੀ
ਕੋਈ ਕੀ ਕਰੇਗਾ
ਕਿਸ ਤਲੀ ਤੇ
ਆਪਣਾ ਸੱਚ ਧਰੇਗਾ
ਕਿ ਆਦਮੀ
ਆਦਮੀ ਹੈ
ਕਿਸ ਲਈ ਕੋਈ ਸਿੱਧ ਕਰੇਗਾ
ਜਦ ਅੰਦਰ ਬਾਹਰ
ਸਭ ਪਰਾਇਆ ਉੱਗ ਪਿਆ ਹੈ

ਦਰਪਣ ਚੋਂ ਚਿਹਰਾ
ਚਿਹਰੇ ਚੋਂ ਦਰਪਣ ਤਿੜਕ ਗਿਆ ਹੈ
ਬੰਦੇ ਚੋਂ ਬੰਦਾ ਨੁੱਚੜ ਗਿਆ ਹੈ
ਸਾਏ 'ਚ ਸਾਇਆ ਸੁੰਘੜ ਗਿਆ ਹੈ

-0-

ਆਦਮੀ ਲਈ
ਕੋਈ ਜਲ ਨਹੀਂ ਮੈਲਾ ਧੋਵਣ ਲਈ
ਕੋਈ ਸੂਰਜ ਨਹੀਂ
ਆਪਾ ਧੋਤਾ ਸੁੱਕਣੇ ਪਾਵਣ ਲਈ
ਨਾ ਹਵਾ ਹੈ ਪ੍ਰਾਣ ਲਈ
ਨਾ ਇਨਸਾਨ ਦਾ ਸੱਚ ਹੈ ਇਨਸਾਨ ਲਈ
ਆਦਮੀ
ਆਪਣੀ ਪਹਿਚਾਣ ਲਈ
ਆਪਣੀ ਹੀ ਅੱਖ 'ਚ
ਅੱਥਰੂ ਦੀ ਜੂਨ ਹੰਢਾਅ ਰਿਹਾ ਹੈ
ਕਬਰਾਂ ਦੀ ਚੁੱਪ ਪੀ ਰਿਹਾ ਹੈ
ਆਪਣਾ ਮੁਰਦਾ ਖਾ ਰਿਹਾ ਹੈ

-0-

ਸੋਚ ਵਿਹੂਣਾ
ਸੁੱਖ ਦੀ ਨੀਂਦਰ ਸਾਉਂਦਾ ਹੈ
ਚੇਤਨ ਮਾਨਵ
ਹਰ ਦਮ ਚੈਨ ਲਈ ਮਰਦਾ ਹੈ
ਉਦਾਸੀ ਤੇ ਭਟਕਣ ਦੀ
ਆਉਧ ਹੰਢਾਉਂਦਾ ਹੈ
ਸੰਤਾਪ ਸੋਚ ਦਾ ਜਰਦਾ ਹੈ

ਮਰਨ ਲਈ
ਪਲ ਪਲ ਜਿਉਂਦਾ ਹੈ
ਜਿਉਣ ਲਈ ਪਲ ਪਲ ਮਰਦਾ ਹੈ

-0-

ਮਨੁੱਖ ਨੂੰ
ਮਨੁੱਖ ਮਿਲਦਾ ਸੀ
ਚੰਭਾ ਖਿੜਦਾ ਸੀ
ਮਨੁੱਖ ਨੂੰ
ਮਨੁੱਖ ਮਿਲਦਾ ਹੈ
ਸੋਗ ਜਨਮਦਾ ਹੈ
ਮਨੁੱਖ 'ਚ ਜੀਵਨ
ਜੀਵਨ 'ਚ ਮਨੁੱਖ ਦਾ ਵਾਸ ਨਹੀਂ
ਜਲ ਨੂੰ ਹੀ
ਜਲ ਦੀ ਪਿਆਸ ਨਹੀਂ

------

# ਨਦੀ ਦਾ ਜਲ ਉਦਾਸ ਹੈ

ਜ਼ਿੰਦਗੀ ਦੀ ਨਦੀ ਦਾ
ਆਦਿ ਅੰਤ ਨਾ ਆਰ ਪਾਰ ਹੈ
ਖ਼ੁਸ਼ਹਾਲ ਹੈ ਬਾਹਰੋਂ
ਅੰਦਰੋਂ ਉਦਾਸ ਹੈ
ਉਦਾਸੀ
ਕਿਨਾਰਿਆਂ ਚੋਂ ਬੋਲਦੀ ਹੈ
ਅੰਦਰ ਆਓ
ਨਦੀ ਦੀ ਪ੍ਰਕਰਮਾਂ ਕਰੋ
ਜਲ ਦੀ ਚੂਲੀ ਭਰੋ
ਸੱਚ ਸਮਝ ਜਾਓਗੇ
ਜਲ ਦਾ ਮੁਰਦਾ ਤੈਰਦਾ
ਨਜ਼ਰ ਪਾਓਗੇ

–0–

ਇਕ ਨਾਬਾਲਗ ਮੱਛੀ
ਮਗਰਮੱਛ ਦੇ ਜਬਾੜੇ ਹੇਠ
ਹਿਰਦੇ 'ਚ ਵੱਸਦਾ ਰੱਬ ਪੁਕਾਰ ਰਹੀ ਹੈ
ਜਲ ਜਿਉਂਦੀ
ਜਲ ਨੂੰ ਆਵਾਜ਼ਾਂ ਮਾਰ ਰਹੀ ਹੈ

–0–

ਹਰ ਬੂੰਦ
ਆਪਣੀ ਹੋਂਦ ਲਈ
ਭਾਫ਼ ਦੀ ਸੂਲੀ ਚੜ੍ਹੀ ਹੈ
ਨਦੀ ਦੇ ਜਲ ਨੂੰ
ਥਲ ਦੀ ਸੱਪਣੀ ਲੜੀ ਹੈ

ਬੇਸ਼ੁਮਾਰ ਲਾਸ਼ਾਂ
ਕਿਨਾਰੇ 'ਤੇ ਪਈਆਂ ਹਨ
ਜਲ ਦੀਆਂ ਲਹਿਰਾਂ
ਜਲ ਲਈ ਤਰਸ ਰਹੀਆਂ ਹਨ
ਕਈ ਗਰਕ ਗਈਆਂ ਹਨ
ਕਈ ਨਦੀ ਤਿਆਗ ਗਈਆਂ ਹਨ

-0-

ਨਦੀ 'ਚ ਵੱਸਦੀ ਨਦੀ
ਰੇਤ ਹੁੰਦੀ ਜਾ ਰਹੀ
ਨਦੀ ਦਾ ਸਾਇਆ ਦੇਹ ਨੂੰ
ਨਦੀ ਦੀ ਦੇਹ
ਸਾਏ ਨੂੰ ਖਾ ਰਹੀ ਹੈ
ਜਲ ਹੀ
ਜਲ ਦਾ ਘੁੱਟ ਭਰ ਰਿਹਾ ਹੈ
ਜਲ ਦਾ ਮੁਰਦਾ ਹੀ
ਜਲ 'ਤੇ ਤਰ ਰਿਹਾ ਹੈ

-0-

ਨਦੀ ਦੀ ਨੀਲੀ ਕੈਨਵਸ ਤੇ
ਅੰਬਰੀਂ
ਸੂਰਜਾਂ ਚੰਨਾਂ ਤਾਰਿਆਂ ਦੇ
ਧੱਬੇ ਹਨ
ਕਿਤੇ ਰੰਗਾਂ ਦੀਆਂ ਲਾਸ਼ਾਂ
ਕਿਤੇ ਬੁੱਤ ਤਰਾਸ਼ਦੇ ਹੱਥ
ਕਿਤੇ ਨ੍ਰਿਤ ਦੇ ਪੈਰ ਕੱਟੇ ਹਨ
ਕਿਤੇ ਪਿਕਾਸੋ ਦਾ ਸਿਰ
ਸੂਲੀ ਤੇ ਟੰਗਿਆ ਹੈ

ਕਿਤੇ ਗਾਲਿਬ
ਲਹੂ 'ਚ ਰੰਗਿਆ ਹੈ
ਤਾਨਸੈਨ
ਕਿਤੇ ਸ਼ੋਰ ਹੋਇਆ ਹੈ
ਹਰ ਥਾਂ ਨਦੀ ਦੇ ਜਲ ਦਾ
ਆਪਣਾ ਹੀ ਰੱਬ ਮੋਇਆ ਹੈ

-0-

ਨਦੀ ਦੀ ਉਦਾਸੀ 'ਚੋਂ
ਗੁੰਮਿਆਂ ਸਮਾਂ
ਘਰ ਦਾ ਰਾਹ ਭੁੱਲ ਗਿਆ ਹੈ
ਮਗਰਮੱਛ ਦੇ ਜਬਾੜੇ ਹੇਠ
ਆਈ ਮੱਛੀ ਦੀ ਸੂਲੀ ਲਟਕ
ਗਿਆ ਹੈ
ਇਹ ਕੇਹੀ ਸੋਚ
ਕੇਹੀ ਧਰਤ ਕੇਹੀ ਨਦੀ ਹੈ
ਜਿਸ ਚੋਂ
ਗੁਜ਼ਰ ਰਿਹਾ ਹੈ ਆਦਮੀ
ਜਿਉਂਦੀ ਮੌਤ 'ਚ
ਵਿਚਰ ਰਿਹਾ ਹੈ ਆਦਮੀ

------

# ਅੰਕੁਰ ਦੀ ਲਾਸ਼

ਧਰਤ ਥਾਲ 'ਚ
ਪਲੈਟੀਨਮ ਦੇ ਮਹਾਂਨਗਰ ਹਨ
ਸਿਲੀਕੋਣ ਦੇ ਚਿਹਰੇ
ਅੱਧ ਨੰਗੀਆਂ ਮੋਮਬੱਤੀਆਂ
ਤੇ ਥੋੜੇ ਦੀਵੇ ਜਗ ਰਹੇ ਹਨ
ਸ਼ਹਿਰ ਦੇ ਮੱਥੇ ਚੜ੍ਹਿਆ ਸੂਰਜ
ਅੰਨ੍ਹਾ ਕਰ ਰਹੇ ਹਨ

-0-

ਵਜ਼ੂਦ ਅੰਗਾਂ ਦਾ
ਅੰਗ ਵਜ਼ੂਦ ਦੀ ਭਾਲ 'ਚ
ਸਮੇਂ ਦੇ ਬੁੱਤ ਦੀ
ਪ੍ਰਕਰਮਾਂ ਕਰ ਰਹੇ ਹਨ
ਅੰਬਰ ਦਾ ਚੰਨ
ਬੈਕ ਜ਼ਾਰਡ ਦੇ ਪੂਲ 'ਚ
ਤਰਦਾ ਫੜ ਰਹੇ ਹਨ
ਸਕੂਨ ਭਾਲਦੇ
ਆਪਣੇ ਆਪ ਨੂੰ
ਕੰਡਾਂ ਦੇ ਖਲੋਤੇ ਲੋਕ
ਤਿੜਕਿਆ ਹੋਇਆ ਬੁੱਤ ਸਮੇਂ ਦਾ
ਤੱਕਦੇ ਦੁੱਧ 'ਚ ਨਾਤੇ ਲੋਕ

-0-

ਪ੍ਰਕਿਰਤੀ ਦੀ ਫੁੱਲਕਾਰੀ
ਮਹਾਂਨਗਰ 'ਚ ਅੱਪੜਦੀ ਹੋਈ

ਮੋਮਜਾਮੇ ਵਿਚ ਬਦਲ ਗਈ ਹੈ
ਕਾਇਨਾਤ ਦਾ ਚਿਹਰਾ ਤੇ ਦੇਹ
ਪਲਾਸਟਿਕ ਦੇ ਅੰਗਾਂ ਨਕਸ਼ਾਂ ਵਿਚ ਢਲ ਗ਼ਈ ਹੈ
ਅੰਨ੍ਹਪੂਰਨਾ ਦੀ ਥਾਂ ਲੋਕੀ
ਜੀਵਨ ਦੇ ਤੱਤ ਖਾ ਰਹੇ ਹਨ
ਕੈਪਸੂਲਾਂ ਸੰਗ
ਜਲਦੀ ਪਿਆਸ ਬੁੱਝਾ ਰਹੇ ਹਨ
ਬਿਜਲਈ
ਊਰਜਾ ਦੇ ਸਾਹ ਭਰਦੇ ਹਨ
ਆਪਣੀ ਨਿਗ੍ਹਾ 'ਚ ਡਿੱਗੇ
ਲੋਕੀ ਆਪਣੇ ਆਪ ਨੂੰ
ਸਮੇਂ ਦਾ ਹਾਣੀ ਦੱਸਦੇ ਹਨ

-0-

ਵਿਸ਼ਵ ਮੰਡੀ ਵਿਚ
ਵਸਤੂਆਂ ਦੀ ਥਾਂ
ਮਨੁੱਖ ਖਰੀਦੇ ਜਾਂਦੇ ਹਨ
ਖਰੀਦਾਰ ਦੇ ਵਿਕਰੇਤਾ
ਪਦਾਰਥਕ ਵਿਕਾਸ ਚੋਂ ਜਨਮੇਂ
BRANO ਦੀ ਨਸਲ ਕਹਾਉਂਦੇ ਹਨ

-0-

ਮਹਾਂਨਗਰ
ਵਿਸ਼ਵ ਹੋਏ ਹਨ
ਜ਼ਿੰਦਗੀ
ਬਿੰਦੂਆਂ ਦੇ ਵਿਚ ਸੁੰਘੜ ਗਈ ਹੈ
ਹਰ ਵਿਗਿਆਨਕ ਪ੍ਰਯੋਗ

ਮਹਾਂਨਗਰ ਨੇ
ਜਲ ਪ੍ਰਯੋਗਸ਼ਾਲਾ ਵਿਚ ਕੀਤਾ
ਜਿਸ ਜਲ ਨੇ
ਮਹਾਂਨਗਰ ਨੂੰ
ਗੋਦੀ ਵਿਚ ਖਿਡਾਇਆ
ਜਿਸ ਜਲ ਨੇ ਮਹਾਂਨਗਰ ਨੂੰ
ਪਲਕਾਂ 'ਤੇ ਬਿਠਾਇਆ
ਉਸ ਜਲ ਦਾ ਕੂਲਾ ਪਿੰਡਾ
ਮਾਨਵ ਅੱਗਣ ਜਲਾਇਆ
ਜਲ ਚੋਂ ਥਲ ਉੱਗਾਇਆ

-0-

ਧਰਤ ਥਾਲ 'ਚ
ਪਲੈਟੀਨਮ ਦੇ ਮਹਾਂਨਗਰ ਹਨ
ਸਿਲੀਕੋਣ ਦੇ ਚਿਹਰੇ
ਅੱਧ ਨੰਗੀਆਂ ਮੋਮਬੱਤੀਆਂ
ਤੇ ਬੋੜੇ ਦੀਵੇ ਜਗ ਰਹੇ ਹਨ
ਸ਼ਹਿਰ ਦੇ ਮੱਥੇ ਖੜ੍ਹਿਆ ਸੂਰਜ
ਅੰਨ੍ਹਾ ਕਰ ਰਹੇ ਹਨ

-----

# ਆਧੁਨਿਕ ਵਿਕਾਸ

ਮੈਂ ਮਨੁੱਖ ਨਾਲੋਂ
ਪਦਾਰਥ ਹੁੰਦਾ ਤਾਂ ਚੰਗਾ ਸਾਂ
ਅਜੋਕੀ ਚੇਤਨਾ ਦੀ
ਅੱਖ ਨੂੰ ਤਾਂ ਨਜ਼ਰ ਆਉਂਦਾ
ਮਨੁੱਖ ਤੋਂ ਪਦਾਰਥ ਹੋ ਗਿਆ ਹਾਂ
ਪਦਾਰਥ ਹੁੰਦਾ ਤਾਂ ਮਾਨਵ ਅਖਵਾਉਂਦਾ

-0-

ਅਜੋਕੀ ਚੇਤਨਾ ਲਈ
ਸਮੇਂ ਦਾ ਸੱਚ ਪਦਾਰਥ ਹੈ
ਬੜਾ ਊਣਾ ਜਿਸ ਸਾਵੇਂ
ਮਨੁੱਖੀ ਯਥਾਰਥ ਹੈ
ਪਦਾਰਥ ਜਗਿਆਸੂ ਨਹੀਂ ਹੁੰਦਾ
ਬਸ ਵਰਤਣ ਦੀ ਸਮੱਗਰੀ ਹੈ
ਮਾਨਵ ਬਿਨਾਂ
ਨਾ ਸੱਚ ਹੈ ਇਸਦਾ
ਨਾ ਕੋਈ ਹਸਤੀ ਹੈ

-0-

ਇਤਿਹਾਸ ਨੇ
ਮਨੁੱਖੀ ਹੋਂਦ ਨੂੰ ਰਿੜਕਿਆ
ਤੇ ਹੰਢਾਇਆ ਹੈ
ਚੇਤਨਾ ਦਾ ਅੰਕੁਰ
ਮਨੁੱਖੀ ਵਿਚਰਨ ਧਰਾਤਲ ਨੇ
ਉੱਗਾਇਆ ਹੈ

ਚੇਤਨਾ ਪਦਾਰਥ ਨੂੰ ਸਿਰਜਕ
ਸਿਰਜਕ ਨੂੰ ਪਦਾਰਥ ਬਣਾਇਆ ਹੈ
ਆਦਮੀ ਚੋਂ ਜਨਮੀਂ ਚੇਤਨਾ ਦਾ
ਕਿਉਂ ਆਦਮੀ ਵਜ਼ੂਦ ਨਹੀਂ
ਚੇਤਨਾ 'ਚ ਆਦਮੀ ਕਿਉਂ ਮੌਜ਼ੂਦ ਨਹੀਂ

-0-

ਦਾਰਸ਼ਨਿਕਾਂ ਦੀ ਸੋਚ ਦਾ ਫ਼ਰਕ ਹੈ
ਵਿਕਾਸ ਦੀ ਪੈਂਤੀ ਅੱਖਰੀ ਦਾ
ਪਦਾਰਥ ਪ੍ਰਥਮ
ਮਾਨਵ ਫ਼ਾਡੀ ਹਰਫ਼ ਹੈ
ਜਿਸ ਨੇ ਪੱਥਰ ਨੂੰ ਬੁੱਤ
ਬੁੱਤ ਨੂੰ ਖ਼ੁਦਾ ਬਣਾਇਆ
ਕਿਣਕੇ ਚੋਂ ਪਹਾੜ
ਜ਼ਰੇ ਚੋਂ ਬ੍ਰਹਿਮੰਡ
ਬੀਜ ਚੋਂ ਜੰਗਲ ਉੱਗਾਇਆ
ਪਦਾਰਥ
ਮਾਨਵ ਦੇ ਸਿਰ ਤੇ ਬਹਿ ਗਿਆ
ਜ਼ਿੰਦਗੀ ਅੱਗੇ ਨਿਕਲ ਗਈ
ਆਦਮੀ ਪਿਛੇ ਰਹਿ ਗਿਆ

-0-

ਆਦਮੀ ਪੁਰਜ਼ਾ ਪੁਰਜ਼ਾ ਹੋ
ਦਿਸ਼ਾਵਾਂ 'ਚ ਵੰਡਿਆ ਗਿਆ
ਮੌਸਮਾਂ ਰੁੱਤਾਂ ਬਾਹਰਾਂ ਮਹਿਕਾਂ ਤੋਂ
ਚੁੱਪ ਉਦਾਸੀ ਇਕੱਲਤਾ 'ਚ ਬਦਲ ਗਿਆ
ਨਾ ਦਰਪਣ ਨਾ ਚਿਹਰਾ ਰਿਹਾ

ਆਪਣਾ ਬੇਗ਼ਾਨਾ
ਆਦਮੀ ਕੁੱਝ ਵੀ ਨਾ ਰਿਹਾ

-0-

ਧਾਤੂ ਦਾ ਗੋਲਾ ਚੜ੍ਹਾ ਕੇ ਅੰਬਰੀਂ
ਕਾਲਖ਼ਾਂ 'ਚ ਘਿਰ ਗਿਆ ਆਦਮੀ
ਪਦਾਰਥਕ ਵਿਕਾਸ 'ਚ
ਆਪਣੀ ਨਜ਼ਰ ਚੋਂ ਗਿਰ ਗਿਆ ਆਦਮੀ
ਆਪਣੀ ਲਾਸ਼ ਮੋਢਿਆਂ ਤੇ ਚੁੱਕੀ
ਦਰ-ਬ-ਦਰ ਫਿਰ ਰਿਹਾ ਹੈ ਆਦਮੀ
ਪਦਾਰਥੀ ਖ਼ੂਹ 'ਚ
ਖ਼ਾਲੀ ਟਿੰਡਾਂ ਵਾਂਗੂੰ ਗਿੜ ਰਿਹਾ ਹੈ ਆਦਮੀ
ਆਪਣਾ ਸਭ ਕੁੱਝ ਖੋਹ ਗਿਆ ਹੈ
ਆਪਣੇ ਲਈ ਨਾ ਆਪਣਾ
ਦੁਨੀਆਂ ਲਈ ਬੇਗ਼ਾਨਾ ਹੋ ਗਿਆ ਹੈ ਆਦਮੀ

-----

## ਚੇਤਨਾ ਤੇ ਸਿਰਜਣਾ

ਡੱਚ ਮੁਟਿਆਰਾਂ ਜਿਹੀਆਂ
ਲਮਸਲੰਮੀਆਂ ਇਮਾਰਤਾਂ ਹਨ
ਅੰਬਰ ਛੂੰਹਦੇ ਗੁੰਬਦਾਂ
ਤੇ ਕਲਸਾਂ ਦੀ ਹੱਦ ਹੈ
ਆਦਮੀ ਤੋਂ ਉੱਚੇਰਾ
ਸ਼ਹਿਰ ਦਾ ਕੱਦ ਹੈ

-0-

ਆਦਮੀ
ਗਿੱਠ ਮੁੱਠੀਆ ਬਣ ਕੇ
ਰਹਿ ਗਿਆ ਹੈ
ਲਹੂ ਮਾਸ ਦੀ ਚੇਤਨਾ
ਧਾਤੂ ਵਿਕਾਸ ਦੇ ਪੈਰਾਂ ਹੇਠ ਆ ਗਈ ਹੈ
ਚੇਤਨਾ ਨੂੰ
ਚੇਤਨਾ ਦੀ ਸਿਰਜਣਾ ਹੀ ਖਾ ਗਈ ਹੈ

-0-

ਗਰਦਨ ਉੱਠਾ ਕੇ
ਸ਼ਹਿਰ ਵੱਲ ਜਦ ਕੋਈ ਝਾਕਦਾ ਹੈ
ਸਿਰ ਪੈਰਾਂ 'ਚ ਪਿਆ ਜਾਪਦਾ ਹੈ
ਸਮਾਂ ਅੰਤ ਤੋਂ
ਆਦਿ ਵੱਲ ਮੁੜਦਾ ਹੈ
ਵੇਖਦਾ ਹੈ
ਆਦਮੀ ਕਿਨਾਰੇ ਤੇ ਖੜ੍ਹਾ ਹੈ
ਪੱਥਰ ਤੈਰਦਾ ਪਹਾੜ ਤੁਰਦਾ ਹੈ

ਜ਼ਿੰਦਗੀ ਦੀ ਕੰਡ
ਦਿੱਸਣੋਂ ਹਟ ਗਈ ਹੈ
ਜ਼ਿੰਦਗੀ ਚੋਂ ਆਦਮੀ
ਆਦਮੀ ਚੋਂ ਜ਼ਿੰਦਗੀ ਨੁੱਚੜ ਗਈ ਹੈ
ਸੂਰਜਾਂ ਦੇ ਕਾਫ਼ਲੇ ਅੰਬਰ ਤੇ ਹਨ
ਵਿਸ਼ਵ ਦੇ ਹਰ ਘਰ 'ਚ ਹਨ੍ਹੇਰਾ ਹੈ
ਆਦਮੀ ਦੇ ਕੱਦ ਤੋਂ
ਸਾਇਆ ਲੰਮੇਰਾ ਹੈ

-0-

ਬੱਜਰੀ ਦਾ ਸ਼ਹਿਰ
ਸੜਕਾਂ ਗਲੀਆਂ ਬਜ਼ਾਰ ਹਨ
ਬੱਜਰੀ ਦੇ ਫੁੱਲ ਕਲੀਆਂ
ਗੁਲਸ਼ਨ ਰੁੱਤਾਂ ਮੌਸਮ ਬਹਾਰ ਹਨ
ਬੱਜਰੀ ਦੇ ਲੋਕ
ਲੋਹੇ ਦੇ ਮੋਢੀਂ ਚੜ੍ਹੇ
ਰਬੜ ਦੇ ਪੈਰਾਂ ਤੇ ਤੁਰਦੇ
ਵਾਹਨ 'ਚ ਲੱਗਾ G.P.S.
ਰਾਹ ਤੇ ਦਿਸ਼ਾਵਾਂ ਵਿਖਾਉਂਦਾ ਹੈ
ਪੱਥਰ ਦੇ ਬੁੱਤਾਂ ਨੂੰ
ਮੰਜ਼ਿਲਾਂ ਤਕ ਪਹੁੰਚਾਉਂਦਾ ਹੈ

-0-

ਇਨ੍ਹਾਂ ਨੂੰ ਪੁੱਛੋ
ਇਹ ਕੀ ਹਨ ਇਹ ਕੌਣ ਹਨ
ਸ਼ੂਨਯ ਹਨ ਗਤੀ ਬੋਲੇ ਜਾਂ ਮੌਨ ਹਨ
ਇਹ ਅੰਨ੍ਹੇ ਗੂੰਗੇ ਤੇ ਬੋਲੇ ਹਨ

ਕਿਸੇ ਹਰੇ ਜੰਗਲ ਦੇ
ਇਹ ਬਲ ਕੇ ਰਾਖ਼ ਹੋਏ ਕੋਲੇ ਹਨ
ਪਦਾਰਥ ਦੀ
ਜੋ ਜੂਨ ਹੰਢਾਉਂਦੇ ਹਨ
ਆਪਣੇ ਆਪ 'ਚ
ਉਂਝ ਮਾਨਵ ਕਹਾਉਂਦੇ ਹਨ

-0-

ਇਨ੍ਹਾਂ ਨੇ ਸਿਰਜੇ ਹਨ
ਕਈ ਸੂਰਜ ਅਕਾਸ਼ ਪ੍ਰਕਿਰਤੀਆਂ
ਬ੍ਰਹਿਮੰਡ ਧਰਤ ਤੇ ਸ੍ਰਿਸ਼ਟੀਆਂ
ਇਹ ਆਪਣੀ ਹੀ
ਸਿਰਜਣਾ ਦੇ ਸਫ਼ਰ 'ਚ
ਗੋਲ ਹੋਏ ਖਿੱਦੋ ਹਨ
ਦਾਇਰਿਆਂ ਦੀਆਂ ਟੁੱਟੀਆਂ ਲਕੀਰਾਂ ਹਨ
ਮਨੁੱਖੀ ਸ਼ਨਾਖ਼ਤ ਦੇ ਬੇਪਹਿਚਾਣ ਬਿੰਦੂ ਹਨ

-----

## ਆਦਮੀ ਦੀ ਭਾਲ

ਸਾਗਰ 'ਚ
ਲੂਣ ਦੀ ਡਲੀ ਵਾਂਗ ਖੁਰਿਆ ਹੈ
ਜੰਗਲ ਤੋਂ ਪੱਤਾ
ਪਹਾੜ ਤੋਂ ਕਿਣਕਾ
ਜਲ ਤੋਂ ਸਹਿਰਾ ਹੋ ਰੁਲਿਆ ਹੈ
ਵਿਸ਼ਵ ਦਾ ਚਿਰਾਗ਼
ਜ਼ਿੰਦਗੀ ਦਾ ਸਿਰਜਕ ਆਦਮੀ

-0-

ਜੰਗਲੀ ਹਰਿਆਵਲ
ਪਹਾੜੀ ਅਟੱਲਤਾ
ਜਲ ਦੀ ਸੀਤਲਤਾ
ਸਾਗਰ ਦੀ ਨੀਲਤਾ ਨਿਕਲੀ ਹੈ
ਕਾਇਨਾਤ ਦੇ ਨੂਰ ਦੀ ਤਲਾਸ਼ 'ਚ
ਚੰਨ ਦੀ ਭਾਲ 'ਚ

-0-

ਹਰਿਆਵਲ ਵੇਖਿਆ
ਧਰਤੀ ਦਾ ਜ਼ਰਾ ਜ਼ਰਾ
ਸੂਰਜ ਚੰਨ ਸਿਤਾਰਾ ਹੈ
ਅੰਬਰ ਤੇ
ਆਦਮੀ ਦੇ ਕਦਮ ਹਨ
ਹਰ ਪਿੰਡ ਨੇ
ਸ਼ਹਿਰ ਦਾ ਰੂਪ ਧਾਰਿਆ ਹੈ
ਵਸਤੂ ਸੰਸਾਰ ਨੇ ਸਵਰਗ
ਧਰਤੀ ਤੇ ਉਤਾਰਿਆ ਹੈ

-0-

ਆਵਾਜਾਈ ਮੰਗਲ ਗ੍ਰਹਿ ਤੱਕ
ਸੰਚਾਰ ਸਾਧਨਾਂ ਕੰਪਿਊਟਰੀ ਸ਼ਕਲ ਧਾਰੀ ਹੈ
ਮਨੁੱਖੀ ਜੀਵਨ ਨੇ
ਆਪਣੀ ਕੂੰਜ ਉਤਾਰੀ ਹੈ
ਨਵ-ਜੀਵਨ ਦਾ ਆਗਾਜ਼
ਹੋਇਆ ਹੈ
ਪਦਾਰਥਕ ਹਸਤੀ ਦਾ
ਮਨੁੱਖ ਨੂੰ ਅਹਿਸਾਸ ਹੋਇਆ ਹੈ

-0-

ਅਟੱਲਤਾ ਨੇ ਜਾਣਿਆ
ਖੰਭ ਪ੍ਰਵਾਜ਼ ਦੀ ਹੱਦ ਟੱਪ ਗਏ ਹਨ
ਸ਼ਬਦ ਅਰਥ
ਅਰਥ ਸ਼ਬਦ ਹੋ ਗਏ ਹਨ
ਹਰ ਕਲਬੂਤ
ਆਪਣੇ ਸੱਚ ਦਾ ਚਿਰਾਗ਼ ਹੈ
ਸਭ ਕੁੱਝ
ਵਕਤ ਦੇ ਹਾਣ ਤੋਂ ਉੱਚੇਰਾ ਹੈ
ਬੰਦ ਕਮਰੇ 'ਚ
ਮਨੁੱਖ ਦੀ ਦ੍ਰਿਸ਼ਟੀ ਜਗਤ ਵਸੇਰਾ ਹੈ

-0-

ਕੁਦਰਤ ਦਿਸ਼ਾਵਾਂ
ਬ੍ਰਹਿਮੰਡ ਧਰਤੀਆਂ ਅਕਾਸ਼
ਸਗਲ ਸ੍ਰਿਸ਼ਟੀ
ਮਨੁੱਖ ਦੀ ਬੁੱਕਲ 'ਚ ਹੈ
ਮਨੁੱਖ ਨੂੰ ਪੈਰ ਪੁੱਟਣ ਦੀ ਲੋੜ ਨਹੀਂ
ਸਭ

ਉਸ ਦੇ ਸਿਰਹਾਂਦੀ ਪੁਆਂਦੀ ਪਿਆ ਹੈ
ਅਜੋਕਾ ਮਨੁੱਖ
ਪ੍ਰਾਣਾਂ ਦੀ ਮੁਥਾਜ਼ੀ ਬਿਨਾਂ ਵੀ
ਜੀਅ ਰਿਹਾ ਹੈ

–0–

ਜਲ ਸੀਤਲਤਾ ਹੈਰਾਨ ਹੈ
ਅੰਬਰ ਤੇ ਸੜਕਾਂ ਹਨ
ਪੁਲਾੜ ਦਾ ਸੱਚ ਧਰਤੀ ਹੈ
ਜ਼ਲ 'ਤੇ ਮਹਾਂਨਗਰ ਹਨ
ਖਲਾਅ 'ਚ ਵਸੇਰਾ ਹੈ
ਸ਼ਿਲਪ ਉਦਯੋਗ ਤੇ ਹਰੀ ਕ੍ਰਾਂਤੀ ਨੇ
ਦੁਨੀਆਂ ਦੇ ਨਕਸ਼ ਘੜੇ ਹਨ
ਧਰਤੀ ਨੂੰ ਕਲੀ ਕੀਤਾ ਹੈ
ਵਿਸ਼ਵ ਦਾ ਹਨ੍ਹੇਰ ਪੀਤਾ ਹੈ

–0–

ਜੀਵਨ ਦਾ ਰੰਗ ਰੂਪ
ਜ਼ਮੀਰ ਤਾਸੀਰ
ਸਭ ਬਦਲ ਗਏ ਹਨ
ਅੰਤਾਂਕਰਨ ਤੋਂ ਵਸੀਹ
ਜਾਣਕਾਰੀ ਸਾਧਨ
ਮਨੁੱਖ ਦੇ ਪੋਟਿਆਂ 'ਚ ਹਨ
ਹਰ ਬਿੰਦੂ
ਅਕਾਰ ਰਹਿਤ ਦਾਇਰਾ ਹੈ
ਆਦਿ ਅੰਤ ਦਾ ਵਿਸਥਾਰ ਹੈ
ਵਿਸ਼ਵ ਬਿੰਦੂ ਅਕਾਰ ਹੈ

–0–

ਨੀਲਤਾ ਨੇ ਡਿੱਠਾ
ਆਦਿ ਤੋਂ ਅੰਤ ਤੱਕ ਦੇ
ਵਿਕਾਸ ਦਾ ਹਿਸਾਬ ਹੈ
ਨਿਕਾਰਿਆ
ਉਸਾਰਿਆ ਵਿਸ਼ਵ ਹੈ
ਪੁੰਗਰਦੀਆਂ ਤੇ ਨਸ਼ਟ ਹੋਈਆਂ
ਸਭਿਆਤਾਵਾਂ ਦਾ ਇਤਿਹਾਸ ਹੈ
ਗਿਆਨ ਵਿਗਿਆਨ ਦਰਸ਼ਨ
ਬਿਜਲਈ ਪਲਾਸਟ ਉਦਯੋਗਿਕ
ਯੁੱਗਾਂ ਦਾ ਸਾਰ ਹੈ
ਮਨੁੱਖੀ ਪ੍ਰਵਿਰਤੀਆਂ ਦੀ
ਧਰਤ ਹੈ ਅਸਮਾਨ ਹੈ
ਜਿਸ ਚੋਂ ਧਰਤੀ ਦਾ ਸੱਚ
ਵਿਸ਼ਵ ਦਾ ਤੇਜ਼
ਅੰਬਰ ਦਾ ਚੰਨ
ਜ਼ਿੰਦਗੀ ਦਾ ਨੂਰ
ਬਸ ਮਨਫ਼ੀ ਇਕ ਇਨਸਾਨ ਹੈ

-0-

ਹਰਿਆਵਲ ਅਟੱਲਤਾ
ਜਲ ਸੀਤਲਤਾ ਤੇ ਨੀਲਤਾ
ਜੰਗਲ ਪਹਾੜ ਜਲ ਤੋਂ ਸਾਗਰ 'ਚ
ਪਰਤਣ ਦਾ ਰਾਹ ਭੁੱਲ ਗਈਆਂ
ਆਦਮੀ ਦੀ ਭਾਲ 'ਚ ਨਿਕਲੀਆਂ
ਪਦਾਰਥਕ ਵਿਕਾਸ ਦੀ ਰੋਸ਼ਨੀ 'ਚ
ਗੁੰਮ ਗਈਆਂ

-----

# ਆਧੁਨਿਕ ਮਨੁੱਖ

ਮਨੁੱਖ
ਹੱਥੀਂ ਲਾਏ ਰੁੱਖ ਹੇਠ ਬੈਠਾ
ਤੱਪ ਗਿਆ ਹੈ
ਤਾਅ ਦਾ ਸੰਤਾਪ ਹੰਢਾ
ਰਿਹਾ ਹੈ
ਗੁਜ਼ਰੇ ਸਮੇਂ ਨੂੰ ਚਿੱਥ ਰਿਹਾ ਹੈ
ਛਾਲੇ ਵਾਂਗ ਫ਼ਿਸ ਰਿਹਾ ਹੈ
ਕੀ ਬੀਜਿਆ
ਕੀ ਉੱਗ ਆਇਆ ਹੈ
ਜਿਸ ਚੋਂ ਆਪਣਾ ਆਪਾ ਵੀ
ਨਾ ਨਜ਼ਰ ਆਇਆ ਹੈ
ਸਿਰਜਕ
ਸਿਰਜਣਾ ਦਾ ਮੁਥਾਜ਼ੀ ਹੋ ਗਿਆ ਹੈ
ਘਰ ਹੀਂ
ਘਰ ਵਿਚ ਪ੍ਰਵਾਸੀ ਹੋ ਗਿਆ ਹੈ

-0-

ਪਹਿਲਾਂ ਬੈਲ ਗੱਡੀ ਸੀ
ਫਿਰ ਕਾਰ ਮੋਟਰ ਲਾਰੀ ਆਈ
ਰੇਲਵੇ ਲਾਈਨਾਂ ਸੜਕਾਂ ਦਾ
ਆਪਣਾ ਜਾਲ ਵਿਛਾਇਆ
ਸੜਕੀ ਸਫ਼ਰ ਨੇ
ਅੰਬਰੀਂ ਫਿਰ ਉੱਡਾਰੀ ਲਾਈ

ਖ਼ਤ ਦੀ ਥਾਂ
ਤਾਰ ਨੇ ਦਸਤਕ ਦਿੱਤੀ
ਗ੍ਰਾਮੋਫ਼ੋਨ ਰੇਡੀਓ
ਟੈਲੀਵਿਜ਼ਨ ਆਇਆ
ਸਮਾਂ ਬਦਲਿਆ
ਜੀਵਨ ਆਪਣਾ ਰੂਪ ਵਟਾਇਆ

-0-

ਗਿਆਨ ਵਿਗਿਆਨ
ਦਰਸ਼ਨ ਯੁੱਗ ਹੰਢਾਏ ਮਾਨਵ
ਹਰੀ ਕ੍ਰਾਂਤੀ ਉਦਯੋਗਿਕ ਯੁੱਗ
ਬਿਤਾਏ ਮਾਨਵ
ਬਿਜਲਈ ਐਟਮ ਪੋਲਾੜ
ਯੁੱਗ ਚੋਂ ਗੁਜ਼ਰਿਆ ਮਾਨਵ
Face Book ਤੇ Email 'ਚ
ਸਾਰਾ ਜਗਤ ਪਰੋਇਆ ਮਾਨਵ
ਰਾਹ ਵਿਖਾਓ ਯੰਤਰ ਜਨਮੇਂ
ਘਰ ਘਰ ਚਾਨਣ ਹੋਇਆ ਮਾਨਵ

-0-

ਜੰਗਲ ਚੋਂ ਜਨਮੇਂ
ਸ਼ਹਿਰ ਸ਼ੀਸ਼ੇ ਦੇ
ਸਾਗਰ 'ਤੇ ਮਹਾਂਨਗਰ ਵਸਾਏ ਮਾਨਵ
ਬੂੰਦ ਬੂੰਦ ਸਮੁੰਦਰ ਹੋਇਆ
ਅੰਬਰ ਦਾ ਤਾਰਾ ਤਾਰਾ
ਵਿਸ਼ਾ ਖੋਜ਼ ਦਾ

ਜਨਮ ਮਰਨ ਦਾ ਸਮਾਂ ਤੇ ਅਰਸਾ
ਲਿਆ ਮੁਕੱਰਰ ਕਰ ਮਾਨਵ ਨੇ
ਪਰ ਕੋਈ ਮਾਨਵ ਯੁੱਗ ਨਾ ਆਇਆ
ਮਾਨਵ ਦਾ ਵੀ ਯੁੱਗ ਹੁੰਦਾ ਕੋਈ
ਆਧੁਨਿਕ ਚੇਤਨਤਾ ਨੇ ਚਾਹਿਆ
ਸਮੇਂ ਦੀ ਪ੍ਰਤੀਨਿਧਤਾ ਕਰਦਾ
ਧਰਤੀ ਤੇ ਧਰਤੀ ਦਾ ਜਾਇਆ

-0-

ਪ੍ਰਾਪਤੀਆਂ ਨੂੰ ਵਰਤਦਾ ਮਾਨਵ
ਨਾ ਪ੍ਰਾਪਤੀਆਂ ਲਈ ਵਰਤਿਆ ਜਾਂਦਾ
ਸਿਰਜਣਾ ਬਸ ਸਿਰਜਣਾ ਰਹਿੰਦੀ
ਮਾਨਵ ਬਸ ਸਿਰਜਕ ਅਖਵਾਉਂਦਾ
ਦੁਨੀਆਂ ਦੇ ਇਕ ਸਿਰੇ ਤੋਂ ਦੂਜੇ ਤਕ
ਮਾਨਵ ਨਹੀਂ ਜਾਂਦਾ
ਮਾਨਵ ਦੀ ਪ੍ਰਾਪਤੀ
ਉਸਨੂੰ ਲੈ ਜਾਂਦੀ ਹੈ
ਅਹਿਸਾਸ ਮੁਥਾਜ਼ੀ ਆਪਣੀ ਦਾ
ਮਾਨਵ ਤਲੀ ਟਿਕਾ ਜਾਂਦੀ ਹੈ

-0-

ਮੁਥਾਜ਼ੀ ਦਾ ਮਾਰਿਆ ਮਾਨਵ
ਟੁੱਟ ਭੱਜ ਤਿੜਕ ਗਿਆ ਹੈ
ਆਪਣੀ ਹੋਂਦ ਗੁਆ ਬੈਠਾ ਹੈ
ਪ੍ਰਾਪਤੀਆਂ ਦੇ ਹੇਠਾਂ ਆਇਆ
ਆਪਣਾ ਸੱਚ ਭੁਲਾ ਬੈਠਾ ਹੈ

ਲਹੂ ਮਾਸ ਦੇ ਰਿਸ਼ਤੇ ਪਾਣੀ ਹੋਏ
ਨੌਂਹਾਂ ਨਾਲੋ ਮਾਸ ਟੁੱਟ ਗਿਆ ਹੈ
ਰਿਸ਼ਤੇ ਜਿਉਂਦੇ ਮੋਏ

−0−

ਮਾਨਵ ਏਕੇ ਤੋਂ ਸਿੜਰਾ ਹੋ ਕੇ
ਕੱਖਾਂ ਵਾਂਗੂੰ ਰੁਲ ਗਿਆ ਹੈ
ਅੰਗ ਅੰਗ ਹੋ ਨਕਸ਼ ਨਕਸ਼ ਹੋ
ਚੌਂਕ ਚੌਰਾਹੀਂ ਲਟਕ ਰਿਹਾ ਹੈ
ਵਸਤੂਆਂ ਵਾਂਗੂੰ ਵਿੱਕ ਰਿਹਾ ਹੈ
ਜਿਉਂਦਾ ਮੁਰਦਾ ਦਿੱਸ ਰਿਹਾ ਹੈ

−0−

ਆਪਣੇ ਆਪ ਤੋਂ ਦੂਰ ਹੋ ਗਿਆ
ਇਕੱਲਾ ਤੇ ਮਜ਼ਬੂਰ ਹੋ ਗਿਆ
ਹਨ੍ਹੇਰਿਆਂ ਦੇ ਵਿਚ ਉਤਰ ਗਿਆ ਹੈ
ਚੁੱਪ ਉਦਾਸੀ ਵੀਰਾਨੀ ਵਿਚ ਵਿਚਰ ਰਿਹਾ ਹੈ
ਕੁਦਰਤ ਨਾਲੋਂ ਟੁੱਟ ਗਿਆ ਹੈ
ਹਰਾ ਰੁੱਖ ਸੀ ਸੁੱਕ ਗਿਆ ਹੈ
ਜ਼ਿੰਦਗੀ ਅੱਗੇ ਲੰਘ ਗਈ ਹੈ
ਵਿਕਾਸ ਦੀਆਂ ਸਿਖ਼ਰਾਂ ਛੋਂਹਦੀ
ਮਾਨਵ ਸੂਲੀ ਟੰਗ ਗਈ ਹੈ

−0−

ਦਾਰਸ਼ਨਿਕ ਚੇਤਨਾ
ਜਦ ਹੋਂਦ 'ਚ ਆਈ
ਅੱਖ੍ਹਾਂ ਖੋਲ੍ਹਦਿਆਂ ਹੀ ਕਿਸਮਤ

ਮਾਨਵ ਦੀ ਅਖਵਾਈ
Marx, Kant,
Hegel, Hanna Ardent,
Kossellec, Weber
Nietzsche
ਤੇ ਹੋਰ ਕਈ ਵਿਦਵਾਨਾਂ
ਜੀਵਨ ਸਮੱਗਰੀ ਪਦਾਰਥ ਨੂੰ ਹੀ
ਜੀਵਨ ਦਾ ਸੱਚ ਜਾਤਾ
ਮਾਨਵ ਸਵੈ ਉੱਨਤੀ ਦੀ ਥਾਂ
ਪਦਾਰਥ ਵਿਕਸਤ ਕਰ ਵਿਖਾਤਾ
ਆਧੁਨਿਕਤਾ ਦੇ ਜਨਮ ਨਾਲ ਹੀ
ਧਰਮ ਦਾ ਪਤਨ ਹੋਇਆ
ਮਾਨਵ ਸਵੈ ਵਿਕਾਸ
ਜਿੱਥੇ ਖੜਾ ਸੀ
ਉੱਥੇ ਰਿਹਾ ਖਲੋਇਆ
ਮਾਨਵ ਕੀ ਹੈ ਕੌਣ ਹੈ
ਮਾਨਵ ਜਾਣ ਨਾ ਸਕਿਆ
ਆਧੁਨਿਕਤਾ ਦਾ ਸੰਤਾਪ ਹੰਢਾਉਂਦਾ
ਆਪਾ ਪਹਿਚਾਣ ਨਾ ਸਕਿਆ

-0-

ਵਿਸ਼ਵ ਵਿਦਵਾਨਾਂ
ਮਾਨਵ ਦੀ ਥਾਂ
ਪਦਾਰਥ ਵਿਕਸਤ ਕੀਤਾ
ਪੱਥਰ ਚੋਂ ਬੁੱਤ ਸਿਰਜ ਲਏ

ਮਾਨਵ ਚੋਂ
ਮਾਨਵ ਦਾ ਵਿਨਾਸ਼ ਹੀ ਕੀਤਾ
ਜੇ ਵਿਦਵਾਨ
ਪਦਾਰਥ ਤੇ ਮਨੁੱਖੀ ਉੱਨਤੀ
ਵਿਚ ਸੰਤੁਲਨ ਰੱਖਦੇ
ਤਾਂ ਅਜੋਕੇ ਸਿਰਜੇ ਵਿਸ਼ਵ 'ਚ
ਮਾਨਵਤਾ ਅਨੁਕੂਲ ਹੀ ਸੂਰਜ ਚੜ੍ਹਦੇ

-0-

ਆਧੁਨਿਕਤਾ
ਮਨੁੱਖ ਅੰਦਰ ਜੋ ਹੀਣਭਾਵਨਾ ਬੀਜ਼ੀ
ਅਗਤੀਆ ਵਾਂਗੂੰ
ਮਾਨਵ ਮਨ ਵਿਚ ਠਹਿਰ ਗਈ ਹੈ
ਮਨੁੱਖਤਾ ਅੰਦਰ ਫੈਲ ਗਈ ਹੈ
ਧਰਮ ਦੇ ਪਤਨ ਕਾਰਨ
ਮਨ ਤੂੰ ਜੋਤ ਸਰੂਪ ਦਾ
ਮਾਨਵ ਨੂੰ ਗਿਆਨ ਨਾ ਹੋਇਆ
ਦੇਹ ਵਿਚ ਵੱਸਦੀ ਜੋਤੀ ਦਾ
ਅਹਿਸਾਸ ਨਾ ਹੋਇਆ
ਧਰਮ ਦਾ ਜੇ ਪਤਨ ਨਾ ਹੁੰਦਾ
ਮਨ ਤੂੰ ਜੋਤ ਸਰੂਪ ਦੀ ਜੋਤੀ
ਮਾਨਵ ਮਸਤਕ ਵਿਚ ਜਗਾ
ਸਕਦਾ ਸੀ
ਆਪਣੇ ਅੰਦਰਲੇ ਹਨ੍ਹੇਰੇ ਵਿਚ
ਸੂਰਜ ਸੱਚ ਚੜ੍ਹਾ ਸਕਦਾ ਸੀ

-0-

ਮਨੁੱਖੀ ਸਵੈ ਪਹਿਚਾਣ ਦਾ ਦੀਵਾ
ਆਧੁਨਿਕਤਾਂ ਦੇ ਜਨਮਣ ਤੇ
ਵਿਦਵਾਨਾਂ ਬੁੱਝਾ ਦਿੱਤਾ ਸੀ
ਸੱਚ ਮਨੁੱਖ ਦਾ ਜਾਣੇ ਬਿਨ
ਨਜ਼ਰੋਂ ਸੱਚ ਹਟਾ ਦਿੱਤਾ ਸੀ
ਧਰਮ ਮਦਰੱਸਾ ਸੀ
ਮਾਨਵ ਸੱਚ ਸਵੈ ਜਾਣਨ ਦਾ
ਸੱਚ ਦੀ ਹੋਂਦ ਪਹਿਚਾਣਨ ਦਾ
ਆਧੁਨਿਕਤਾ
ਮੁੱਢਲੇ ਰੂਪ ਵਿਚ ਜਗਤ ਹਿਤੂ ਹੈ
ਜਗਤ ਹਿੱਤੂ ਦੇ ਸੰਕਲਪ ਚੋਂ
ਮਨੁੱਖ ਮਨਫ਼ੀ ਹੈ
ਆਧੁਨਿਕਤਾ ਦਾ ਵਿਕਾਸ ਹੈ ਇਹੋ
ਮਾਨਵ ਦਾ ਸੰਤਾਪ ਹੈ ਇਹੋ

-----

## ਸਮੱਗਰੀ ਤੇ ਸਿਰਜਣਾ

ਪੈਰ ਹਨ
ਦੇਹ ਤਿਆਗ਼ ਗਏ
ਰਸਤੇ ਹਨ
ਅੰਬਰੀਂ ਜਾ ਵਸੇ
ਧਰਤ
ਰਾਹ ਤੇ ਪੈਰ ਭਾਲਦੀ
ਘਰ ਦਾ ਰਾਹ ਭੁੱਲ ਗਈ
ਪੱਥਰ ਸ਼ੀਸ਼ੇ ਸਰੀਏ ਸੀਮਿੰਟ ਦੀ
ਭੀੜ 'ਚ ਗੁੰਮ ਗਈ

-0-

ਪੱਥਰ ਭੀੜ ਚੋਂ ਬੋਲਿਆ
ਮੈਨੂੰ ਮਨੁੱਖ ਨੇ ਤੁਰਨਾ ਤਰਨਾ
ਤੇ ਉੱਡਣਾ ਸਿੱਖਾਇਆ ਹੈ
ਮੈ ਤੁਰਿਆ ਤੈਰਿਆ ਉੱਡਿਆ
ਮਨੁੱਖ ਡਿੱਗਾ ਡੁੱਬਾ
ਤੇ ਆਪਣੇ ਪੈਰਾਂ 'ਚ ਸੁੰਘੜ ਗਿਆ

-0-

ਸ਼ੀਸ਼ਾ ਪ੍ਰਵਚਨਿਆ
ਮਨੁੱਖ ਨੇ ਸੁੰਦਰਤਾ ਦੀ ਪਿਉਂਦ
ਕਰੂਪ ਕੱਚ ਦੇ ਢੇਲੇ ਨੂੰ ਲਾਈ ਸੀ
ਕਰੂਪਤਾ ਚੋਂ
ਰੰਗਾਂ ਮਹਿਕਾਂ
ਤਿੱਤਲੀਆਂ ਤੇ ਭੌਰਿਆਂ ਦੀ
ਕਸ਼ਿਸ਼ ਉੱਗਾਈ ਸੀ

ਉਸ ਕਸ਼ਿਸ਼ ਦਾ ਸੱਚ
ਮੈ ਮਨੁੱਖ ਦੀ ਤਲੀ ਤੇ ਧਰਿਆ ਹੈ
ਮੇਰਾ ਕਰੂਪਤਾਪਣ
ਵਿਸ਼ਵ ਨੁਹਾਰ ਰੰਗ ਰੂਪ
ਤੇ ਨਿੱਘ 'ਚ ਢਲਿਆ ਹੈ
ਮੇਰਾ ਕਾਇਆ ਕਲਪ ਹੋ ਗਿਆ
ਮਨੁੱਖ ਦਾ ਸੂਰਜ ਛੁੱਬਾ ਤੇ ਠਰਿਆ ਹੈ

-0-

ਮੈਂ ਵਿਸ਼ਵ ਦੀ ਸਿਆਣ ਹਾਂ
ਸੱਚ ਤੇ ਪਹਿਚਾਣ ਹਾਂ
ਮੇਰੀ ਸ਼ਨਾਖ਼ਤ
ਮੇਰਾ ਆਪਣਾ ਜਹਾਨ ਹੈ
ਆਦਮੀ ਜੋ ਰੱਬ ਸੀ ਕੱਲ੍ਹ ਦਾ
ਅੱਜ ਮੇਰੇ ਦਰਵਾਜ਼ੇ ਤੇ
ਖੜ੍ਹਾ ਦਰਬਾਨ ਹੈ
ਮਨੁੱਖ ਦਾ ਬੀਜਿਆ
ਮਨੁੱਖ ਦੇ ਸਾਹਮਣੇ ਆਇਆ ਹੈ
ਮੈਂ ਮਨੁੱਖ ਨੂੰ
ਮਨੁੱਖ ਦਾ ਚਿਹਰਾ ਵਿਖਾਇਆ ਹੈ

-0-

ਸੀਮਿੰਟ ਬੋਲਿਆ
ਸਮੇਂ ਨੇ
ਸੀਮਿੰਟ ਸਰੀਏ ਪੱਥਰ ਨੂੰ ਗੁੰਨ ਕੇ
ਆਧੁਨਿਕਤਾ ਦਾ ਦੈਂਤ ਸਿਰਜਿਆ
ਜਿਸ ਨੇ ਜ਼ਿੰਦਗੀ ਦਾ ਸਿਰਜਕ

ਮਨੁੱਖ ਨਿਗਲਿਆ
ਜਿਸ ਨੂੰ ਪੂੱਜਦੀ ਸਿਮਰਦੀ ਦੁਨੀਆਂ
ਜਿਸ ਵਿਚ ਸ਼ਰਧਾ ਵਿਸ਼ਵਾਸ ਹੈ ਰੱਖਦੀ
ਅਜੋਕੇ ਵਿਸ਼ਵ ਦਾ
ਜਿਸ ਨੂੰ ਰੱਬ ਹੈ ਮੰਨਦੀ
ਮੈਂ ਆਪਣੇ ਵਿਸਥਾਰ ਦਾ
ਮਨੁੱਖ ਨੂੰ ਸਿਖ਼ਰ ਵਿਖਾਇਆ ਹੈ
ਵਰਤਮਾਨ 'ਚ
ਜਿਸ ਬੀਜਿਆ ਮੈਨੂੰ
ਬੀਤੇ ਦੀ ਕਬਰ ਦਾ
ਉਹ ਸੱਚ ਕਹਾਇਆ ਹੈ

-0-

ਸਰੀਏ ਉਚਾਰਿਆ
ਮੈ ਮਨੁੱਖੀ ਜ਼ਿਹਨ ਹਾਂ ਧੜ ਹਾਂ
ਮਨੁੱਖੀ ਕ਼ਾਰਜ ਪ੍ਰਣਾਲੀ ਦੀ
ਊਰਜਾ ਦਾ ਚਸ਼ਮਾਂ ਹਾਂ
ਘਰ ਤੋਂ ਦਫ਼ਤਰ
ਦਫ਼ਤਰ ਤੋਂ ਘਰ
ਮਨੁੱਖੀ ਵਿਚਰਨ ਧਰਾਤਲ ਦਾ
ਨਗ਼ਮਾਂ ਹਾਂ
ਮਨੁੱਖੀ ਰਾਹ ਤੇ ਮੰਜ਼ਿਲ ਦੀ
ਰਹਿਨੁਮਾਈ ਹਾਂ
ਮਨੁੱਖ ਦੀ ਸੁਰੱਖ਼ਸ਼ਾ
ਖ਼ੁਦਾ ਹਾਂ ਖ਼ੁਦਾਈ ਹਾਂ

-0-

ਪੱਥਰ ਸੀਮਿੰਟ ਸਰੀਏ ਦਾ ਦੈਂਤ
ਆਖ਼ਦਾ ਹੈ
ਮਨੁੱਖ ਨੇ
ਮੈਨੂੰ ਬੀਜਿਆ ਤਰਾਸ਼ਿਆ ਉੱਗਾਇਆ ਹੈ
ਮੇਰੇ 'ਚ ਜ਼ਿਹਨ ਧਰਿਆ ਹੈ
ਮੈਂ ਮਨੁੱਖੀ ਵਰਤੋਂ ਦੀ
ਪਦਾਰਥਕ ਸਮੱਗਰੀ ਹਾਂ
ਮਨੁੱਖ ਨੇ ਸਮੱਗਰੀ ਨੂੰ ਸਿਰਜਕ
ਮੈਂ ਸਿਰਜਕ ਨੂੰ
ਸਮੱਗਰੀ ਬਣਾਇਆ ਹੈ

-0-

ਪੈਰ ਹਨ
ਦੇਹ ਤਿਆਗ ਗਏ
ਰਸਤੇ ਹਨ ਅੰਬਰੀਂ ਜਾ ਵੱਸੇ
ਧਰਤ
ਰਾਹ ਤੇ ਪੈਰ ਭਾਲਦੀ
ਘਰ ਦਾ ਰਾਹ ਭੁੱਲ ਗਈ
ਪੱਥਰ ਸ਼ੀਸ਼ੇ ਸਰੀਏ ਸੀਮਿੰਟ ਦੀ
ਭੀੜ 'ਚ ਗੁੰਮ ਗਈ

-----

## ਜੀਵਨ ਤਬਦੀਲੀ

ਅਜੋਕੀ ਨਸਲ ਦੀ
ਮਾਨਸਿਕ ਸਰੀਰਕ
ਵਿਕਾਸ ਪ੍ਰਣਾਲੀ ਪਦਾਰਥ ਹੈ
ਪਦਾਰਥ ਬੱਚੇ ਨੂੰ ਸਕੂਲ ਲਿਜਾਂਦਾ ਹੈ
ਘਰ ਵਾਪਸ ਲਿਆਉਂਦਾ ਹੈ
ਪੜ੍ਹਣਾ ਲਿਖਣਾ
ਭੁਲਾਵੇਂ ਅੱਖ਼ਰਾਂ ਦੀ ਪਹਿਚਾਣ
ਤੇ ਜੀਵਨ ਜਾਂਚ ਸਿੱਖਾਉਂਦਾ ਹੈ

-0-

ਬੱਚੇ ਨੂੰ
ਵੇਖਣਾ ਸੁਣਨਾ ਬੋਲਣਾ
ਬੂਟਾਂ ਦੇ ਤਸਮੇਂ ਬੰਨਣਾ ਤਿਆਰ ਹੋਣਾ
ਸਥੂਲ ਦ੍ਰਿਸ਼ਟੀ ਤੇ ਭਾਸ਼ਾ ਸਿੱਖਾਉਂਦਾ ਹੈ
ਬੱਚੇ ਦੇ ਅੰਗਾਂ ਨਕਸ਼ਾਂ ਨੂੰ ਚੇਤੇ ਰੱਖਣ
ਤੇ ਵਰਤਣ ਦੀ ਸਮਰੱਥਾ
ਪਦਾਰਥ ਜਮਾਂਦਰੂ ਮਾਰ ਦਿੰਦਾ ਹੈ
ਲਹੂ ਮਾਸ ਤੋਂ ਵੱਖਰੀ ਦੁਨੀਆਂ
ਮਨ ਦੀ ਕੋਰੀ ਕੈਨਵਸ ਤੇ ਉਸਾਰ ਦਿੰਦਾ ਹੈ

-0-

ਬੱਚੇ ਵਿਚਲਾ ਬੀਜ
ਜਿਸ ਮਨੁੱਖ ਰੁੱਖ ਦਾ ਰੂਪ ਧਾਰਦਾ ਹੈ
ਪਦਾਰਥ
ਉਸ ਬੀਜ ਵਿਚਲੀ

ਚੇਤਨਾ ਬੁੱਧ ਜਗਿਆਸਾ
ਅਰਥਹੀਣ ਕਰਦਾ ਹੈ
ਗਤੀ 'ਚ ਅਗਤੀ ਧਰਦਾ ਹੈ

-0-

ਪਦਾਰਥ
ਅਧੂਰੇ ਆਦਮੀ ਨੂੰ
ਵਿਸ਼ਵ ਦੇ ਹਰ ਕੋਨੇ 'ਚ
ਤੋਰ ਕੇ ਲੈ ਜਾਂਦਾ ਹੈ
ਸ਼ਹਿਰਾਂ ਪਿੰਡਾਂ
ਪਹਾੜਾਂ ਜੰਗਲਾਂ ਸਹਿਰਾ
ਸਾਗਰਾਂ ਦਾ ਜੀਵਨ
ਬੰਦ ਕਮਰੇ 'ਚ ਬੈਠੇ ਮਨੁੱਖ ਸਾਵੇਂ
ਸਾਕਾਰ ਕਰਦਾ ਹੈ
ਹਰ ਸਾਲਮ ਚੀਜ਼
ਅਧੂਰੇ ਮਨੁੱਖ ਦੀ ਤਲੀ ਤੇ ਧਰਦਾ ਹੈ

-0-

ਆਦਮੀ ਦਾ ਸਾਲਮ
ਸਬੂਤਾ ਹੋਣਾ ਜ਼ਰੂਰੀ ਨਹੀਂ
ਮਨੁੱਖ ਨੂੰ
ਇਹ ਅਹਿਸਾਸ ਕਰਵਾਉਂਦਾ ਹੈ
ਸਾਲਮ ਨੂੰ ਅੱਧਾ ਅਧੂਰਾ
ਬਣਾਉਂਦਾ ਹੈ
ਆਦਮੀ ਨੂੰ
ਆਪਣੇ ਸੰਚਾਲਣ ਲਈ
ਊਰਜਾ ਦੀ ਲੋੜ ਨਹੀਂ

ਪਦਾਰਥਕ ਊਰਜਾ ਹੀ
ਸੂਰਜ ਤੇ ਰੁੱਖ ਹੈ
ਪਦਾਰਥ ਹੀ
ਜੀਵਨ ਦੀ ਪਿਆਸ ਹੈ ਭੁੱਖ ਹੈ

-0-

ਮਨੁੱਖ ਦਾ
ਪਦਾਰਥੀ ਗਿਆਨ ਤੇ ਤਜ਼ਰਬਾ
ਯਥਾਰਥਹੀਣ ਹੈ
ਤਜ਼ਰਬਾ ਤੇ ਗਿਆਨ
ਦਾਰਸ਼ਨਿਕ ਆਲੋਚਨਾ
ਤੇ ਭੂਗੋਲਿਕ ਯਥਾਰਥਕ ਅਨੁਭਵ ਤੇ
ਅਧਾਰਤ ਹੈ
ਪਦਾਰਥਕ ਭੇਂਟ
ਜਿਸ ਨੂੰ ਮਨੁੱਖੀ ਸਰੀਰ ਤੇ ਮਾਨਸਿਕ
ਕਾਰਜ ਪ੍ਰਣਾਲੀ ਨੇ ਹੰਢਾਇਆ ਹੀ ਨਹੀਂ
ਜਿਸ ਦਾ ਸੱਚ
ਮਨੁੱਖ ਨੇ ਚਿੱਥਿਆ ਹੀ ਨਹੀਂ
ਕਦਮਾਂ ਨੇ ਗਾਹਿਆ ਹੀ ਨਹੀਂ
ਕਮਰੇ 'ਚ ਬੈਠਾ ਮਨੁੱਖ
ਉਸ ਸੱਚ ਦਾ
ਭਰਮ ਹੰਢਾਉਂਦਾ ਹੈ
ਉਸ ਭਰਮ ਦਾ ਸੱਚ ਕੀ ਹੈ
ਮਨੁੱਖ ਸਮਝ ਨਾ ਪਾਉਂਦਾ ਹੈ
ਨਾ ਵੇਖ ਪਾਉਂਦਾ ਹੈ
ਕਿਉਂਕਿ

ਭਰਮ ਤੇ ਮਨੁੱਖ ਵਿਚਲਾ
ਸੱਚ ਦਾ ਜ਼ਰੀਹਾ ਸੱਚ ਨਹੀਂ
ਮ੍ਰਿਗ ਤ੍ਰਿਸ਼ਨਾਂ ਹੈ
ਅਸਲ ਦਾ ਭਰਮ ਹੈ
ਇਹ ਪਦਾਰਥ ਦਾ ਸੱਚ ਹੈ
ਇਹ ਸੱਚ ਹੀ ਪਦਾਰਥ ਦਾ ਭਰਮ ਹੈ

-0-

ਅਜੋਕੀ ਨਸਲ ਦੀ
ਮਾਨਸਿਕ ਸਰੀਰਕ
ਵਿਕਾਸ ਪ੍ਰਣਾਲੀ ਪਦਾਰਥ ਹੈ
ਪਦਾਰਥ ਬੱਚੇ ਨੂੰ
ਸਕੂਲ ਲਿਜਾਂਦਾ ਹੈ
ਘਰ ਲਿਆਉਂਦਾ ਹੈ
ਪੜ੍ਹਣਾ ਲਿਖਣਾ
ਭੁਲਾਵੇਂ ਅੱਖ਼ਰਾਂ ਦੀ ਪਹਿਚਾਣ
ਤੇ ਜੀਵਨ ਜਾਂਚ ਸਿੱਖਾਉਂਦਾ ਹੈ

------

## ਇਕ ਪਾਸੜ ਦੌੜ

ਅਸੀਂ
ਇਕ ਪਾਸੜ ਦੌੜ ਦੌੜਦੇ
ਆਪਣਾ ਸਰੀਰਕ ਮਾਨਸਿਕ
ਸੰਤੁਲਨ ਖੋਹ ਗਏ ਹਾਂ
ਜੀਵਨ ਸੱਚ ਤੋਂ ਪਰਾਏ ਹੋ ਗਏ ਹਾਂ

-0-

ਇਹ ਦੌੜ
ਪੋਲੀਥਿਨ ਦੇ ਪੁਤਲਿਆਂ
ਕਾਠ ਦੇ ਘੋੜਿਆਂ
ਤੇ ਪਲਾਟੀਨਮ ਦੇ ਜੰਗਲ ਦੀ ਹੈ
ਜਲ ਪੌਣ ਧਰਤ ਬਿਨ
ਅੰਨ੍ਹ ਉੱਗਾਉਣ ਦੀ ਹੈ
ਅਕਾਸ਼ ਛੋਹਦਿਆਂ
ਪਿੰਜਰਿਆਂ 'ਚ ਕੈਦ
ਪਰ ਹੀਣ ਪੰਛੀਆਂ ਦੀ ਹੈ
ਗਗਨ ਜਿਹਾ ਗਗਨ
ਧਰਤ ਜਿਹੀ ਧਰਤ
ਬ੍ਰਹਿਮੰਡ ਜਿਹਾ ਬ੍ਰਹਿਮੰਡ
ਨਕਸ਼ਿਆਂ 'ਚ ਉਤਾਰਣ ਦੀ ਹੈ
ਆਪਣਿਆਂ ਹੀ
ਸਾਇਆਂ ਪਿੱਛੇ ਦੌੜ ਦੌੜ
ਆਪਾ ਮਾਰਨ ਦੀ ਹੈ

-0-

ਅੱਪੜੇ ਹਾਂ ਜਿੱਥੇ
ਉਸ ਹਸ਼ਰ ਚੋਂ ਹਸ਼ਰ ਆਲੋਪ ਹੈ
ਸਮੇਂ ਦੀ ਗਰਦਨ ਤੇ
ਸਮੇਂ ਦਾ ਚਿਹਰਾ ਨਹੀਂ
ਸ਼ਬਦ ਚੋਂ ਅਰਥ
ਹਰ ਬਸ਼ਰ ਚੋਂ ਬਸ਼ਰ ਆਲੋਪ ਹੈ
ਨਜ਼ਰ 'ਚ ਉੱਗਿਆ ਹੈ ਜੋ
ਨਾ ਉਸ ਦੀ ਪਿੱਠ ਹੈ ਕੋਈ
ਨਾ ਚਿਹਰਾ ਨੁਹਾਰ ਹੈ
ਜੰਗਲ ਦੀ ਸੂਲੀ ਲਟਕਦੀ ਬਹਾਰ ਹੈ
ਕੋਈ ਭੌਰਾ
ਇੱਥੇ ਮੰਡਰਾਏਗਾ ਕਿਸ ਤਰ੍ਹਾਂ
ਕੋਈ ਮੋਰ
ਪੈਲ ਪਾਏਗਾ ਕਿਸ ਤਰ੍ਹਾਂ
ਕੋਈ ਪੱਤੀ
ਸ਼ਬਨਮ ਦਾ ਭਾਰ ਸਹਾਰੇਗੀ ਕਿਸ ਤਰ੍ਹਾਂ
ਕੋਈ ਸਰਘੀ
ਸੂਰਜ ਦੀ ਆਰਤੀ ਉਤਾਰਗੀ ਕਿਸ ਤਰ੍ਹਾਂ

-0-

ਇਕ ਪਾਸੜ ਦੌੜ ਨੇ
ਜੀਵਨ ਦੀ
ਅਜਿਹੀ ਦਿਲਕਸ਼ ਤਸਵੀਰ ਸਿਰਜੀ ਹੈ
ਬੁੱਤਾਂ ਲਈ
ਹਾੜੇ ਕੱਢਦੀ
ਮਨੁੱਖ ਦੀ ਜ਼ਮੀਰ ਸਿਰਜੀ ਹੈ

ਇਸ ਤਸਵੀਰ ਦੀ ਸ਼ੋਖੀ
ਮਨੁੱਖ ਦੇ ਮਸਤਕ ਦਾ
ਦੀਵਾ ਬੁਝਾਉਂਦੀ ਹੈ
ਇਨਸਾਨ ਤੋਂ ਇਨਸਾਨ ਨੂੰ
ਜਾਨਵਰ ਬਣਾਉਂਦੀ ਹੈ

-0-

ਇਹ ਜੀਵਨ ਦੀ ਤਸਵੀਰ
ਸੁੱਖਦਾਇਕ ਤੇ ਆਕਰਸ਼ਿਤ ਤਾਂ ਲੱਗਦੀ ਹੈ
ਪਰ ਆਪਣੀ ਪ੍ਰਾਪਤੀ ਦਾ
ਕੋਈ ਨੈਤਿਕ ਰਾਹ ਨਹੀਂ ਸਮਝਾਉਂਦੀ
ਆਦਮੀ ਨੂੰ
ਆਦਮੀ ਦੀ ਸਮਰੱਥਾ ਦਾ
ਅਹਿਸਾਸ ਨਹੀਂ ਕਰਵਾਉਂਦੀ
ਆਦਮੀ ਸਿਰ ਤਲੀ ਤੇ ਧਰ
ਇਸ ਤਸਵੀਰ ਦੇ ਰੰਗਾਂ ਲਈ
ਆਪਾ ਰਣਭੂਮੀ 'ਚ ਉਤਾਰਦਾ ਹੈ
ਮਰਨ ਦਾ ਗ਼ਮ ਨਹੀਂ ਕਰਦਾ
ਆਪਣਾ ਸੂਰਜ
ਬਰਫ਼ ਦੀ ਨਦੀ 'ਚ ਠਾਰਦਾ ਹੈ

-0-

ਤਸਵੀਰ ਦੀ ਕਸ਼ਿਸ਼
ਦਾਇਰੇ ਮੇਟਦੀ ਹੈ
ਬਿੰਦੂ ਸਿਰਜਦੀ ਹੈ
ਰੰਗਾਂ ਦੀ ਤ੍ਰਿਸ਼ਨਾਂ
ਸਿਰ ਨੂੰ ਹਨ੍ਹੇਰੀ ਵਾਂਗੂੰ ਚੜ੍ਹਦੀ ਹੈ

ਆਦਮੀ ਚੋਂ
ਆਦਮੀਅਤ ਮਰਦੀ ਹੈ
ਆਪਣੇ ਕਿਰਦਾਰ ਤੋਂ
ਗਿਰਦਾ ਹੈ ਆਦਮੀ
ਭ੍ਰਿਸ਼ਟਾਚਾਰ
ਰਿਸ਼ਵਤਖੋਰੀ 'ਚ ਘਿਰਦਾ ਹੈ ਆਦਮੀ
ਆਪਣੇ ਲਹੂ 'ਚ ਹੈ
ਕੰਧਾਂ ਉਸਾਰਦਾ
Gangism ਤੇ Drugism
ਦੇ ਬੀਜ
ਆਪਣੇ ਵਿਚਰਨ ਧਰਾਤਲ 'ਚ ਖਿਲਾਰਦਾ
ਆਪਣੇ ਵੱਲ ਪਿੱਠ ਕਰ
ਮਕਸਦ ਦੀ ਪ੍ਰਾਪਤੀ ਲਈ
ਅੱਗ ਦੀ ਨਦੀ 'ਚ ਉਤਰ ਜਾਂਦਾ ਹੈ ਆਦਮੀ
ਆਦਮੀ ਚੋਂ ਜ਼ਿੰਦਗੀ
ਜ਼ਿੰਦਗੀ ਚੋਂ ਨੁੱਚੜ ਜਾਂਦਾ ਹੈ ਆਦਮੀ

-0-

ਜੀਵਨ ਵਿਕਾਸ ਦੀ ਪੌੜੀ
ਪਦਾਰਥ ਤੇ ਮਨੁੱਖ
ਜੋ ਸੰਗ ਸੰਗ ਚੜ੍ਹਦੇ
ਅਜੋਕਾ ਵਿਸ਼ਵ
ਮਨੁੱਖਤਾ ਅਨੁਕੂਲ ਸਿਰਜਦੇ
ਇਕ ਪਾਸੜ ਦੌੜ ਨੇ
ਆਦਮੀ ਨੂੰ ਫ਼ਾਡੀ ਰਹਿਣ ਦਾ
ਅਹਿਸਾਸ ਕਰਵਾਇਆ ਹੈ
ਆਪਾ ਵਿੱਦਿਅਕ ਤੇ ਸਭਿਅਕ

ਮਨੁੱਖ ਨੂੰ ਗਵਾਰ ਤੇ
ਅਨਪੜ੍ਹ ਬਣਾਇਆ ਹੈ

-0-

ਸਮੇਂ ਦੇ ਪਾਰਖੂਆਂ
ਮਨੁੱਖ ਨੂੰ ਸਮਝਿਆ ਹੀ ਨਹੀਂ
ਜਾਣਿਆਂ ਹੀ ਨਹੀਂ
ਪਦਾਰਥ ਤੇ ਮਨੁੱਖ ਵਿਚਲਾ
ਸੰਤੁਲਨ ਪਹਿਚਾਣਿਆਂ ਹੀ ਨਹੀਂ
ਪਦਾਰਥੈ ਦਾ ਵਿਕਾਸ
ਇਸ ਸਿਖ਼ਰ ਤਕ ਹੋਇਆ
ਕਿ ਲਹੂ ਮਾਸ ਦੇ ਪੁਤਲੇ ਨੂੰ
ਪਦਾਰਥ
ਆਪਣੀ ਵਰਤੋਂ ਸਿਖਾਉਂਦਾ ਹੈ
ਚੇਤਨ ਬੁੱਧ ਜਗਿਆਸਾ ਨੂੰ
ਪਦਾਰਥ
ਜੀਵਨ ਦੀ ਪੈਂਤੀ ਅੱਖਰੀ ਪੜ੍ਹਾਉਂਦਾ ਹੈ

-0-

ਜਿਸ ਮਾਨਵ
ਪਦਾਰਥ ਨੂੰ ਅੰਬਰ ਤਕ ਪਹੁੰਚਾਇਆ ਹੈ
ਉਸ ਮਾਨਵ ਨੂੰ
ਪਦਾਰਥ ਕਬਰ ਤਕ ਲੈ ਆਇਆ ਹੈ
ਸਿਰਜਣਾ ਨੇ
ਆਪਣਾ ਸਿਰਜਕ ਮੁਕਾਇਆ ਹੈ
ਹਨ੍ਹੇਰੇ 'ਚ ਸੂਰਜ ਨਹੀਂ
ਹਨ੍ਹੇਰਾ ਸੂਰਜ 'ਚ ਉਤਰ ਆਇਆ ਹੈ

-----

# ਸੀਮਿੰਟ ਸਰੀਏ ਦਾ ਵਜੂਦ

ਸੀਮਿੰਟ ਸਰੀਏ ਦਾ ਕਲਬੂਤ ਹੈ
ਮਾਨਵੀ ਸੋਚ ਦੀ ਰੂਹ
ਜਿਸ 'ਚ ਮੌਜੂਦ ਹੈ
ਚੀਚ ਵਹੁਟੀਆਂ ਜਿਹੇ ਲੋਕ ਹਨ
ਮੁਰਦਾ ਜਿਨ੍ਹਾਂ ਦੇ ਬੋਲ ਹਨ
ਸੀਤ ਲਹੂ
ਜਿਨ੍ਹਾਂ ਦੀਆਂ ਨਾੜਾ 'ਚ
ਜੰਮਿਆ ਪਿਆ ਹੈ
ਸਿੱਕੇ ਦੀ ਧਰਤ ਪੈਰਾਂ ਹੇਠ
ਪਾਰੇ ਦਾ ਅੰਬਰ
ਸਿਰ ਤੇ ਤਣਿਆ ਪਿਆ ਹੈ
ਸੂਰਜ ਚੰਨ ਸਿਤਾਰੇ
ਸ਼ੀਸ਼ਿਆਂ ਦੇ ਬੁਰਕਿਆਂ 'ਚ
ਜਗ ਰਹੇ ਹਨ
ਸੜਕਾਂ ਤੇ ਰੌਸ਼ਨੀ ਦੇ ਖੰਬਿਆਂ ਨਾਲ
ਕੱਚੀਆਂ ਗਲੀਆਂ ਘਰ
ਤੇ ਮਿੱਟੀ ਦੇ ਲੋਕ
ਖ਼ੁਦਕੁਸ਼ੀ ਕਰ ਰਹੇ ਹਨ

-0-

ਇਕ ਭੌਤਿਕ ਵਜੂਦ ਦੀਆਂ
Vinal ਦੀਆਂ ਕੰਧਾਂ ਹਨ
ਜਿਨ੍ਹਾਂ ਚੋਂ
ਜਿਉਂਦੇ ਮੁਰਦੇ ਝਾਕਦੇ ਹਨ
ਬੂਹੇ ਬਾਰੀਆਂ ਤੇ ਰੌਸ਼ਨਦਾਨ

ਕਬਰ ਹੋਈ ਜ਼ਿੰਦਗੀ ਦੇ ਝਰੋਖੇ ਜਾਪਦੇ ਹਨ
ਫ਼ਰਸ਼ ਜਿਉਂਦੇ ਸਮੇਂ ਦਾ
ਮੁਰਦਾ ਇਤਿਹਾਸ ਹੈ
ਜਿਸ ਚੋਂ ਆ ਰਹੀ
ਮੋਈਆਂ ਮੱਛੀਆਂ
ਤੇ ਗੰਧਲੇ ਪਾਣੀਆਂ ਦੀ ਬਾਸ ਹੈ

-0-

ਇਸ ਦੀਆਂ ਸੈਰਗਾਹਾਂ
ਸਟੀਲ ਦੇ ਫੁੱਲ ਬੂਟੇ ਤੇ ਪਰਿੰਦੇ ਹਨ
ਕਬਰਈ ਆਦਮੀਅਤ ਜੀ ਰਹੇ
ਇਸ ਦੇ ਬਸ਼ਿੰਦੇ ਹਨ
ਜੀਵਨ ਦਾ ਕਾਰੋਬਾਰ
ਦਿਨ ਤੇ ਮਿੱਤੀ
ਪਲਾਸਟਿਕ ਦਾ ਬਿਜਲਈ
ਜ਼ਿਹਨ ਦੱਸਦਾ ਹੈ
ਪਦਾਰਥਕ ਆਦੇਸ਼
ਲਹੂ ਮਾਸ ਦਾ ਪੁਤਲਾ ਪੁੱਗਾ ਰਿਹਾ ਹੈ
ਨੱਚ ਰਿਹਾ ਹੈ ਆਦਮੀ
ਪਦਾਰਥ ਨੱਚਾ ਰਿਹਾ ਹੈ

-0-

ਚੇਤਨ ਸਮੇਂ ਨੇ
ਸਥੂਲ ਚੋਂ
ਅਜੋਕਾ ਵਿਸ਼ਵ ਤੇ ਜੀਵਨ
ਉੱਗਾਇਆ ਹੈ
ਹਾਣ ਦੀ ਪ੍ਰਕਿਰਤੀ ਸਿਰਜੀ ਹੈ
ਅਗਤੀ ਨੂੰ

ਗਤੀ ਦਾ ਜਾਗ ਲਾਇਆ ਹੈ
ਸੀਮਿੰਟ ਸਰੀਏ ਨੂੰ ਜੀਵਨ
ਜੀਵਨ ਨੂੰ ਪੱਥਰ ਬਣਾਇਆ ਹੈ
ਸਮੇਂ ਜੋ ਸਿਰਜਿਆ
ਉਹ ਜੀਵਨ ਜੋਤੀ ਬੁੱਝਾ ਗਿਆ
ਕੁਦਰਤ ਤੇ ਕੁਦਰਤ ਦਾ ਸੱਚ ਖਾ ਗਿਆ

-0-

ਵਿਸ਼ਵ ਦੀਆਂ ਰੌਣਕਾਂ ਰੰਗੀਨੀਆਂ
ਸਭ ਵਸਤੂ ਵਿਖਾਵਾ ਹੈ
ਲੋਕਾਂ ਨੂੰ
ਹਰੀ ਪੀਲੀ ਲਾਲ ਬੱਤੀ
ਸੱਜਾ ਖੱਬਾ ਰੁਕਣਾ ਚਲਣਾ
ਸਭ ਕ੍ਰਿਆਵਾਂ ਦਿਸ਼ਾਵਾਂ ਦੱਸ ਰਹੀ ਹੈ
ਚੌਹ ਪਹੀਆਂ ਦਾ ਵਾਹਨ
ਮਨੁੱਖੀ ਪੱਥਰ ਢੋ ਰਿਹਾ ਹੈ
ਗਤੀਸ਼ੀਲ ਹੈ ਪਦਾਰਥ
ਆਦਮੀ ਸਦੀ ਤੋਂ ਖਲੋ੍ਹ ਰਿਹਾ ਹੈ

-0-

ਪਦਾਰਥੀ ਦਿਨ ਰਾਤ ਸ਼ਾਮਾਂ ਸਵੇਰੇ ਹਨ
ਚੜ੍ਹਦੇ ਡੁੱਬਦੇ ਸੂਰਜਾਂ ਦੇ
ਵਿਕਰੇਤਾ ਤੇ ਖ਼ਰੀਦਾਰ ਭੌਤਿਕ ਹਨ੍ਹੇਰੇ ਹਨ
ਪਦਾਰਥੀ ਜੀਵਨ ਹੈ ਧਰਤ ਤੇ
ਪਦਾਰਥੀ ਸੂਰਜ ਹੈ ਅੰਬਰ ਤੇ ਜਗ ਰਿਹਾ
ਆਦਮੀ ਬੁੱਤ ਬਣਿਆ ਤੱਕ ਰਿਹਾ ਹੈ ਧੁੱਖ ਰਿਹਾ

-----

## ਨਜ਼ਰ ਦੇ ਪਿੱਛੇ

ਕਦਮਾਂ ਦੇ ਨੈਣੀਂ
ਧਰਤੀ ਨੇ
ਹਰੇ ਘਾਹ ਦੀ ਬੁੱਕਲ ਮਾਰੀ ਹੈ
ਵੇਲਾਂ ਬੂਟਿਆਂ ਰੰਗਾਂ ਸੁਗੰਧਾਂ ਦੀ
ਸਿਰ ਤੇ ਫੁੱਲਕਾਰੀ ਹੈ
ਅੰਬਰ ਹਵਾ ਅੱਗਣ ਜਲ
ਕੁਦਰਤ ਦੇ ਬਾਗ਼ ਦੀ ਚਿੱਤਰਕਾਰੀ ਹੈ
ਬ੍ਰਹਿਮੰਡ ਦਾ
ਇਹ ਅੰਤਰੀਵ ਪ੍ਰਗਟਾਅ ਹੈ
ਕਾਦਰ ਹੀ ਕੁਦਰਤ
ਕੁਦਰਤ ਹੀ ਖ਼ੁਦਾ ਹੈ

-0-

ਨਜ਼ਰ ਪਿੱਛੇ
ਕੰਧਾਂ ਕਮਰਿਆਂ ਦੀ
ਚੁੱਪ ਵਰਗੇ ਸਿਰ ਹਨ
ਚੋਂਦੀਆਂ ਛੱਤਾਂ
ਉੱਜੜੇ ਵਿਹੜਿਆਂ ਜਿਹੇ ਧੜ ਹਨ
ਅੱਗਾਂ ਜਨਮਦੇ ਰੁੱਖ ਹਨ
ਬਰੂਦ ਉਗਲਦੇ ਖੇਤ ਹਨ
ਜ਼ਿੰਦਗੀ ਭੌਤਿਕ ਜੀਵਨ ਦੀ
ਆਦੀ ਹੋ ਗਈ ਹੈ
ਪੱਥਰ ਗੀਟਿਆਂ ਦੀ ਅਬਾਦੀ
ਹੋ ਗਈ ਹੈ

ਜ਼ਿਮੀਂ ਤੋਂ ਅਸਮਾਨ ਤੱਕ
ਅਰਥਹੀਣ ਸ਼ੋਰ ਹੈ
ਆਦਮੀ ਨੂੰ
ਆਦਮੀ ਨਜ਼ਰ ਨਹੀਂ ਆਉਂਦਾ
ਸ਼ਮਸ਼ਾਨ ਹੈ ਸਾਰੀ ਲੋਕਾਈ
ਕਬਰਾਂ ਹੋਏ ਲੋਕ ਹਨ

–0–

ਕਾਇਨਾਤ
ਪਲਾਸਟਿਕ ਦਾ ਕਬਾੜਖਾਨਾ
ਹੋ ਗਈ ਹੈ
ਦੇਹ ਲਈ ਸਾਇਆ
ਸਾਏ ਲਈ ਦੇਹ ਬੇਗ਼ਾਨੀ ਹੋ ਗਈ ਹੈ
ਮਨੁੱਖ ਨੇ
ਵਿਸ਼ਵ ਨੂੰ ਕੀ ਰੂਪ ਦਿੱਤਾ ਹੈ
ਲਹੂ ਨੂੰ ਪਾਣੀ
ਪਾਣੀ ਨੂੰ ਅੱਗ ਦਾ ਸਰੂਪ ਦਿੱਤਾ ਹੈ

–0–

ਜ਼ਿੰਦਗੀ
ਕਾਠ ਤੇ ਪੁਤਲਿਆਂ
ਪੋਲੀਥੀਨ ਦੇ ਲਿਫ਼ਾਫ਼ਿਆਂ
Fabric ਦੇ ਖਿਡੌਣਿਆਂ ਦੀ
ਖੇਡ ਬਣ ਕੇ ਰਹਿ ਗਈ ਹੈ
ਉਧਾਰੀ ਦ੍ਰਿਸ਼ਟੀ ਜੀਭਾ ਸੋਚ
ਰਾਹਾਂ ਮੰਜ਼ਿਲਾਂ ਤੇ ਗਤੀਆਂ ਦੀ
ਜੂਨੀ ਪੈ ਗਈ ਹੈ

ਨਾ ਛਾਵਾਂ ਰੁੱਖਾਂ ਦੀਆਂ
ਨਾ ਰੁੱਖ ਛਾਵਾਂ ਦੇ
ਨਾ ਮਾਵਾਂ ਪੁੱਤਾਂ ਦੀਆਂ
ਨਾ ਪੁੱਤ ਮਾਵਾਂ ਦੇ

-0-

ਜ਼ਿੰਦਗੀ
ਆਪਣੇ ਅਰਥ ਸੰਚਾਰ ਤੋਂ ਡਰਦੀ
ਸੁੰਗੜ ਗਈ ਹੈ
ਅਪਣੇ ਆਦਿ 'ਚ ਪਰਤ ਗਈ ਹੈ
ਜਿੱਥੇ ਜ਼ਿੰਦਗੀ ਦਾ ਰੁੱਖ ਹਰਾ ਹੈ
ਧਰਤੀ ਆਸਮਾਂ
ਬਾਹਾਂ ਖੋਲ੍ਹ ਕੇ ਖੜ੍ਹਾ ਹੈ
ਜਿੱਥੇ ਮਿੱਟੀ ਦੇ ਘਰਾਂ 'ਚ
ਮਿੱਟੀ ਦੇ ਲੋਕ ਵੱਸਦੇ ਹਨ
ਮਿੱਟੀ ਦੇ ਦੀਵੇ ਬਲਦੇ ਹਨ
ਮਿੱਟੀ ਦਾ ਰੱਬ ਸਿਮਰਦੇ ਹਨ

-----

## ਨਵ-ਪੁੰਗਰਾਂ

ਮੇਰੇ ਦੁਆਲੇ
ਕੋਈ ਵੀ ਸਾਲਮ ਚਿਹਰਾ ਨਹੀਂ
ਮੈਂ ਕਿਸੇ ਦਾ ਨਹੀਂ
ਕੋਈ ਮੇਰਾ ਨਹੀਂ
ਮੇਰਾ ਅੰਤਰੀਵ ਇਹ ਕਹਿ
ਮੇਰੀ ਦੇਹ ਤਿਆਗ ਗਿਆ
ਮੇਰੇ ਚੋਂ
ਲਹੂ ਮਾਸ ਦਾ ਪੁਤਲਾ ਮਰ ਗਿਆ
ਮੇਰੀ ਕਬਰ ਤੇ
ਕਾਲਾ ਸੂਰਜ ਧਰ ਗਿਆ

-0-

ਕਹਿ ਗਿਆ
ਮੇਰੇ ਅੰਦਰ ਲੱਕੜ ਦੇ ਘੋੜਿਆਂ
ਪੱਥਰ ਦੇ ਲੋਕਾਂ ਦਾ ਹਜ਼ੂਮ ਹੈ
ਜ਼ਿੰਦਗੀ ਮੇਰੇ ਤੋਂ ਕੋਹਾਂ ਦੂਰ ਹੈ
ਮੈਂ ਗਤੀਹੀਣ ਹਾਂ
ਮਨੁੱਖ ਨਹੀਂ ਮਸ਼ੀਨ ਹਾਂ
ਬੇਅਰਥਾ ਸਫ਼ਰ ਗਾਹ ਰਿਹਾ ਹਾਂ
ਲੋਹੇ ਦੇ ਅੰਬਰ ਹੇਠ
ਰੁੱਖਾਂ ਦੀਆਂ ਕਬਰਾਂ ਉੱਗਾ ਰਿਹਾ ਹਾਂ

-0-

ਮੈਂ ਮੰਡੀ ਹਾਂ ਬਜ਼ਾਰ ਹਾਂ
ਬਿਜਲਈ ਖਿਡੌਣਿਆਂ

ਸਿਲੀਕੋਣ ਦੇ ਬੁੱਤਾਂ ਦਾ ਵਿਓਪਾਰ ਹਾਂ
ਮੇਰੀਆਂ ਸੜਕਾਂ ਤੇ ਮਨੁੱਖ ਨਹੀਂ
ਗੋਡੇ ਗਿੱਟੇ ਪੈਰ ਤੁਰਦੇ ਹਨ
ਮੁਰਦਿਆਂ ਦੀ ਭੀੜ ਤੁਰਦੀ ਹੈ
ਜੰਗਲ ਦੇ ਲਹੂ ਸੰਗ ਲਿਬੜੇ
ਸ਼ੀਸ਼ੇ ਦੇ ਸ਼ਹਿਰ ਤੁਰਦੇ ਹਨ
ਕੁਦਰਤ ਦਾ ਨਾਦ
ਮੇਰੇ ਚੋਂ ਗੂੰਜਦਾ ਨਹੀਂ
ਪਦਾਰਥ ਕੂਕਦਾ ਹੈ
ਆਦਮੀ ਬੋਲਦਾ ਨਹੀਂ

-0-

ਮੈਂ ਤੇਰੇ 'ਚ ਰਹਿ ਕੇ ਕੀ ਕਰਨਾ ਹੈ
ਤੇਰੇ 'ਚ ਮਰ ਮਰ ਕੇ ਜੀਣਾ ਹੈ
ਜੀਅ ਜੀਅ ਕੇ ਕਰਨਾ ਹੈ
ਮੈਂ ਜਾ ਰਿਹਾ ਹਾਂ
ਜਿੱਥੇ ਰੁੱਖ ਪੁੰਗਰਦੇ ਹਨ
ਪੰਛੀ ਚਹਿ ਚਹਾਉਂਦੇ ਹਨ
ਕੋਇਲ ਅਲਾਪ ਕਰਦੀ ਹੈ
ਮੋਰ ਪੈਲ ਪਾਉਂਦੇ ਹਨ
ਹਰਿਆਵਲੇ ਘੁੰਡ ਚੋਂ
ਪਹਾੜੀ ਟੀਸੀਆਂ ਦੇ ਨੈਣ ਹੱਸਦੇ ਹਨ
ਅੰਗ ਮੁਸਕਰਾਉਂਦੇ ਹਨ
ਜਿੱਥੇ ਜ਼ਿੰਦਗੀ ਪਰ ਤੋਲਦੀ ਹੈ
ਕੁਦਰਤ ਚੋਂ ਕਾਦਰ
ਕਾਦਰ ਚੋਂ ਕੁਦਰਤ ਬੋਲਦੀ ਹੈ

-0-

ਤੇਰਾ ਵਸੇਰਾ ਘਰ ਨਹੀਂ
ਸ਼ੀਸ਼ੇ ਦੀਆਂ ਕਤਲਾਂ ਦੀ ਉਜਾੜ ਹੈ
ਚੇਤਨਾ ਜਗਿਆਸਾ ਅਨੁਭਵ
ਜਿੱਥੇ ਦੁਰਕਾਰ ਹੈ
ਮੈਂ ਆਪਣੇ ਸੱਚ ਦਾ ਦੀਵਾ
ਉਸ ਘਰ 'ਚ ਬਾਲਾਂਗਾ
ਜਿਸ ਦੀ ਸਰਦਲ ਚੋਂ
ਸੂਰਜ ਉਦੈ ਹੁੰਦਾ ਹੈ
ਕੰਧਾਂ ਮਿੱਟੀ ਦਾ ਜਾਪ ਕਰਦੀਆਂ ਹਨ
ਜਿੱਥੇ ਚਾਂਦਨੀ ਸੰਗ ਚੰਨ
ਛੱਤ ਤੇ ਆਣ ਬਹਿੰਦਾ ਹੈ
ਮਿਲਣ ਦੇ ਨਿੱਘ
ਤੇ ਰਿਸ਼ਤਿਆਂ ਦੀ ਠੰਡਕ ਦਾ
ਜਿਸ ਘਰ ਦਾ ਦਰ ਵਾਕ ਲੈਂਦਾ ਹੈ
ਜਿਸ ਦੇ ਕੌਲੇ ਤੇ ਟੰਗਿਆ ਸ਼ੀਸ਼ਾ
ਘਰ ਦੀ ਪਹਿਚਾਣ ਹੈ
ਜਿਸ ਦੇ ਆਲੇ ਦਾ ਦੀਵਾ
ਸੂਰਜ ਸਮਾਨ ਹੈ

-0-

ਮੈਂ ਜਾ ਰਿਹਾ ਹਾਂ
ਜਿੱਥੇ ਬੱਦਲ ਅੱਥਰੂ ਕੇਰਦਾ ਹੈ
ਤਾਂ ਧਰਤ ਦੀ ਸੁਗੰਧ
ਅੰਬਰੀਂ ਫੈਲ ਜਾਂਦੀ ਹੈ
ਨਵ ਪੁੰਗਰਾਂ ਦਾ ਮੁੱਖ ਵੇਖਣ ਲਈ
ਹਵਾ ਵੀ ਠਹਿਰ ਜਾਂਦੀ ਹੈ

ਸਰਘੀ ਜਪੁਜੀ
ਤ੍ਰਿਕਾਲਾਂ ਰਹਿਰਾਸ ਦੀ
ਖੁਸ਼ਬੂ ਖਿਲਾਰਦੀਆਂ ਹਨ
ਰਾਤਾਂ ਆਪਣੀ ਬੁੱਕਲੇ
ਸਮੇਂ ਦਾ ਥਕੇਵਾਂ ਉਤਾਰਦੀਆਂ ਹਨ

-0-

ਜਿੱਥੇ ਮਿੱਟੀ
ਮਿੱਟੀ ਦਾ ਸੱਚ ਕਹਾਉਂਦੀ ਹੈ
ਧਰਤੀ
ਚੰਨਾਂ ਸੂਰਜਾਂ ਤਾਰਿਆਂ ਦੀ ਬਾਤ
ਪਾਉਂਦੀ ਹੈ
ਜਿੱਥੇ ਆਦਮੀ ਦੀ
ਆਦਮੀ ਵਿਚ ਜੋਤ ਜਗਦੀ ਹੈ
ਜਿੱਥੇ ਲੋਕਤਾ ਦੇ ਨੂਰ ਦੀ
ਨਦੀ ਵਗਦੀ ਹੈ
ਜਿੱਥੇ ਸਿਰਜਕ ਤੇ
ਸਿਰਜਨਾ ਦਾ ਬੋਲ ਬਾਲਾ ਹੈ
ਮਾਨਵੀ ਸੂਰਜ ਦਾ
ਜਿੱਥੇ ਉਜਾਲਾ ਹੈ

-----

## ਸੰਤਾਪ

ਸ਼ਾਮ ਢਲੀ
ਬੈਕ ਯਾਰਡ 'ਚ ਬੈਠਾ
ਦਾਰੂ ਦੀ ਪ੍ਰਕਰਮਾਂ ਕਰਦਾ ਹਾਂ
ਆਪਣਾ ਆਪਾ ਸਿਮਰਦਾ ਹਾਂ
ਚੰਦਰਮਾਂ
ਮੇਰੇ ਨਾਲ ਆਣ ਬਹਿੰਦਾ ਹੈ
ਸੁਬ੍ਹਾ ਦੇ ਆਗਮਨ ਦੀ
ਇੰਤਜ਼ਾਰ 'ਚ
ਡੁੱਬਣ ਲਈ ਸੂਰਜ
ਛੱਤ ਤੇ ਆ ਖਲੋਂਦਾ ਹੈ

-0-

ਇਹ ਉਦੋਂ ਵਾਪਰਦਾ ਹੈ
ਜਦ ਮੈਂ
ਆਪਣੇ ਨਵੇਂ ਪੁਆਏ
ਗੋਂਡਿਆਂ ਦੀ ਖ਼ੁਸ਼ੀ 'ਚ ਦਾਰੂ ਚੜ੍ਹਾਉਂਦਾ ਹਾਂ
ਲਹੂ ਮਾਸ ਦੀ ਦੇਹ 'ਚ
ਭੌਤਿਕ ਅੰਗ ਹੰਢਾਉਂਦਾ ਹਾਂ
ਚੇਤਨਾ ਨੂੰ
ਅਚੇਤਨਾ ਰਾਹ ਵਿਖਾਉਂਦੀ ਹੈ
ਗਤੀ ਨੂੰ ਅਗਤੀ
ਮੰਜ਼ਿਲ ਤੱਕ ਪਹੁੰਚਾਉਂਦੀ ਹੈ

-0-

ਮੇਰੀ ਜੀਭ ਤੇ
ਮੇਰੀ ਹੋਂਦ ਦਾ ਸੱਚ

ਅੰਗਿਆਰ ਬੰਨ੍ਹਦਾ ਹੈ
ਦੇਹ 'ਚ ਵੱਗਦਾ ਲਹੂ ਦਾ
ਦਰਿਆ ਅਟਕਦਾ ਹੈ
ਮੇਰੇ ਚੋਂ ਉੱਗਿਆ ਰੁੱਖ
ਨਜ਼ਰਾਂ 'ਚ ਰੜਕਦਾ ਹੈ
ਜਿਸ ਦੀ ਛਾਂ ਹੇਠਾਂ
ਮੇਰਾ ਸੱਚ ਗੁਆਚਾ ਹੈ
ਇਹ ਕੇਹੀ ਜ਼ਿੰਦਗੀ ਹੈ
ਇਹ ਕਿਹੜਾ ਜ਼ਿੰਦਗੀ ਦਾ ਪਾਸਾ ਹੈ

-0-

ਮੇਰੇ ਅਧਿਅਨ ਕਮਰੇ 'ਚ
ਪੈਨੀ ਨੁਮਾ ਪੱਖੇ ਚੋਂ
ਇਕ ਗਿੱਠ ਮੁੱਠੀਆਂ
ਮਾਨਵ ਝਾਕਦਾ ਹੈ
ਆਪਣੀ ਪ੍ਰਕਰਮਾਂ ਕਰਦਾ ਕਰਦਾ
ਥੱਕ ਗਿਆ ਹਾਂ ਆਖ਼ਦਾ ਹੈ
ਮੈਂ ਵੀ ਤੇਰੇ ਯਾਰਡ ਦੀ ਚਾਂਦਨੀ 'ਚ
ਨਹਾਉਣਾ ਚਾਹੁੰਦਾ ਹਾਂ
ਡੁੱਬ ਗਏ ਸੂਰਜ ਦੀ
ਸੁਬ੍ਹਾ ਦਾ ਦੀਦਾਰ ਪਾਉਣਾ ਚਾਹੁੰਦਾ ਹਾਂ

-0-

ਮੇਰਾ ਆਪਾ
ਆਪਣੇ ਆਪ ਤੋਂ
ਪਦਾਰਥੀ ਖੋਲ ਉਤਾਰ
ਸਾਵੇਂ ਆ ਖਲੋਂਦਾ ਹੈ

ਸੰਤਾਪ ਚੋਂ ਵਰ
ਚਿੱਕੜ ਚੋਂ ਕੰਵਲ
ਜਿਉਂ ਉੱਗ ਆਉਂਦਾ ਹੈ
ਵੇਖਦਾ ਹਾਂ
ਇਹ ਗਿੱਠਮੁੱਠੀਆ ਮੈਂ ਹੀ ਹਾਂ
ਸੰਤਾਪ ਤੇ ਵਰ ਵੀ ਮੈਂ ਹੀ ਹਾਂ
ਕੰਧਾਂ ਛੱਤਾਂ ਬੂਹਾ ਵਿਹੜਾ
ਇਸ ਸਿਰਜੀ ਦੁਨੀਆਂ ਦਾ
ਦਰ ਘਰ ਮੈਂ ਹੀ ਹਾਂ

-0-

ਆਧੁਨਿਕਤਾ
ਉੱਤਰ ਆਧੁਨਿਕੱਤਾ
ਮੇਰਾ ਹੀ ਸਰੂਪ ਹੈ
ਸਮੇਂ ਦਾ ਆਦਿ ਅੰਤ
ਮੇਰਾ ਹੀ ਵਜ਼ੂਦ ਹੈ
ਮੈਂ ਹੀ
ਆਪਣੀ ਸਿਰਜਣਾ ਦੇ ਭਾਰ
ਹੇਠ ਹਾਂ ਆਇਆ
ਮੈਂ ਹੀ ਆਪਣੀ ਸਿਰਜਣਾ ਦਾ ਹੈ
ਭਾਰ ਉਠਾਇਆ
ਮੈਂ ਆਪ ਹੀ ਆਪਣਾ ਹਾਂ
ਆਪ ਪਰਾਇਆ

-----

## ਧਾਤੂ ਦਾ ਵਿਸਥਾਰ

ਆ
ਤੈਨੂੰ ਅੰਬਰ ਵਿਖਾਵਾਂ
ਸਿਰ ਦੀ ਛੱਤ ਦੇ ਨਾਲ ਮਿਲਾਵਾਂ
ਸਿਰ ਤਾਂ ਹੈ
ਪਰ ਛੱਤ ਕਿੱਥੇ ਹੈ?
ਸਾਰਾ ਹੀ ਘਰ ਸੀਮਿੰਟ ਸਰੀਆ
ਸੀਮਿੰਟ ਸਰੀਆ ਰੱਤ ਕਿੱਥੇ ਹੈ?
ਅੰਬਰ
ਆਪਣੀ ਨੀਲਤਾ ਭੁੱਲ
ਘਰ ਵਿਚ ਹੀ ਗੁਆਚ ਗਿਆ ਹੈ
ਸਿਫ਼ਰਿਆਂ ਵਿਚ
ਤਕਸੀਮਿਆਂ ਅੰਬਰ
ਆਪਣਾ ਏਕਾ ਭਾਲ ਰਿਹਾ ਹੈ

-0-

ਆ
ਤੈਨੂੰ ਹਵਾ ਵਿਖਾਵਾਂ
ਮਿੱਟੀ ਦੇ ਸਾਹ ਨਾਲ ਮਿਲਾਵਾਂ
ਮਿੱਟੀ ਤਾਂ ਹੈ
ਦਮ ਕਿੱਥੇ ਹੈ?
ਜੀਵਨ ਦਾ ਅੱਥਰੂ ਤਾਂ ਹੈ
ਅੱਥਰੂ ਵਿਚਲਾ ਗ਼ਮ ਕਿੱਥੇ ਹੈ?
ਹਵਾ ਤਾਂ ਆਪਣੀ ਗਤੀ ਭਾਲਦੀ
ਸਮੇਂ ਦੇ ਸਿੰਗੀਂ ਚੜ੍ਹ ਗਈ ਹੈ

ਜੀਵਨ ਤੋਂ ਕਬਰਾਂ ਹੋ ਗਈ ਹੈ
ਆਪਣਾ ਮੁਰਦਾ ਢੋਅ ਰਹੀ ਹੈ
ਨਾ ਪ੍ਰਾਣ ਨਾ ਵੇਗ ਰਹੀ ਹੈ
ਸਿਵਾ ਗਤੀ ਦਾ ਸੇਕ ਰਹੀ ਹੈ .

-0-

ਆ
ਤੈਨੂੰ ਅੱਗਣ ਵਿਖਾਵਾਂ
ਜੀਵਨ ਦੇ ਨਿੱਘ ਨਾਲ ਮਿਲਾਵਾਂ
ਜੀਵਨ ਤਾਂ ਹੈ
ਨਿੱਘ ਕਿੱਥੇ ਹੈ?
ਬੁੱਝਿਆ ਹੈ ਹਰ ਦੇਹ ਦਾ ਚੁੱਲ੍ਹਾ
ਪੱਥਰ ਹੋਇਆ ਜੀਵਨ ਬੁੱਲ੍ਹਾ
ਅੱਗਣ ਤਾਂ ਬਲ ਬਲ ਰਾਖ਼ ਹੋਈ ਹੈ
ਆਪਣਾ ਤੇਜ਼ ਟੋਲ ਰਹੀ ਹੈ
ਆਪਣੀ ਰਾਖ਼ ਫਿਰੋਲ ਰਹੀ ਹੈ

-0-

ਆ
ਤੈਨੂੰ ਜਲ ਵਿਖਾਵਾਂ
ਜੀਵਨ ਦੀ ਪਿਆਸ ਬੁੱਝਾਵਾਂ
ਜੀਵਨ ਕਿੱਥੇ ਹੈ?
ਜਲ ਕਿੱਥੇ ਹੈ?
ਜਲ ਚੋਂ ਜਲ ਤਾਂ ਨੁੱਚੜ ਗਿਆ ਹੈ
ਜਲ ਦਾ ਜਲ
ਤਾਂ ਗੁਜ਼ਰ ਗਿਆ ਹੈ
ਨਾ ਜਲ ਧਰਤੀ
ਨਾ ਜਲ ਅੰਬਰੀਂ

ਨਾ ਜਲ ਪੌਣੀਂ
ਨਾ ਜਲ ਬੱਦਲੀਂ
ਜਲ ਦਾ ਕਤਰਾ ਕਤਰਾ
ਸਮੇਂ ਦਾ ਸਹਿਰਾ ਪੀ ਗਿਆ ਹੈ
ਸਾਗਰ ਥਲ ਜੀ ਰਿਹਾ ਹੈ

–0–

ਆ
ਤੈਨੂੰ ਧਰਤ ਵਿਖਾਵਾਂ
ਮਾਂ ਦੀ ਗੋਦੀ ਵਿਚ ਸੁਲਾਵਾਂ
ਧਰਤ ਕਿਥੇ ਹੈ?
ਮਾਂ ਕਿੱਥੇ ਹੈ?
ਮਾਂ ਦੀ ਠੰਡੀ ਛਾਂ ਕਿੱਥੇ ਹੈ?
ਧਰਤ
ਤਾਂ ਆਪਣੀ ਮਹਿਕ ਭਾਲਦੀ
ਖੱਖੜੀ ਖੱਖੜੀ ਹੋਈ
ਧਰਤੀ ਜਿਉਂਦੇ ਪੁੱਤਰਾਂ ਦੀ
ਬਹਿ ਸਿਰਹਾਂਦੀ ਰੋਈ

–0–

ਧਰਤੀ ਵਿਹੜੇ ਰੁੱਖ ਅੱਗਣ ਦੇ
ਖੰਡਰ ਚਾਰ ਚੁਫੇਰੇ
ਅੰਬਰੀਂ ਬੁੱਝੇ ਸੂਰਜ ਚੰਨ ਸਿਤਾਰੇ
ਧਰਤੀ ਘੁੱਪ ਹਨ੍ਹੇਰੇ
ਧਰਤੀ ਦਾ ਵਜੂਦ ਨਾ ਕੋਈ
ਨਾ ਕੋਈ ਸੱਚ ਸ਼ਨਾਖ਼ਤ

ਨਾ ਧਰਤੀ ਨੂੰ
ਸਿਮਰਦਾ ਕੋਈ
ਨਾ ਕੋਈ ਕਰੇ ਇਬਾਦਤ

-0-

ਆ
ਤੈਨੂੰ ਜੀਵਨ ਵਿਖਾਵਾਂ
ਦਰਪਣ ਚੋਂ ਚਿਹਰਾ
ਚਿਹਰੇ ਚੋਂ ਦਰਪਣ ਪ੍ਰਗਟਾਵਾਂ
ਦਰਪਣ ਕਿੱਥੇ ਹੈ?
ਚਿਹਰਾ ਕਿੱਥੇ ਹੈ?
ਮੇਰਾ ਤਾਂ ਹੈ
ਤੇਰਾ ਕਿੱਥੇ ਹੈ?
ਜੀਵਨ ਤਾਂ ਪਦਾਰਥ ਹੋਇਆ
ਜੀਵਨ ਦਾ ਰੱਬ ਮਾਨਵ ਮੋਇਆ
ਜੀਵਨ ਤਾਂ ਝਿੜਕ ਗਿਆ ਹੈ
ਦੇਹ ਦੇ ਟੁੱਕੜੇ ਗਲ ਵਿਚ ਪਾਈ
ਫਿਰ ਰਿਹਾ ਹੈ
ਸੀਮਿੰਟ ਸਰੀਏ ਪੱਥਰ ਦੇ ਵਿਚ
ਬਦਲ ਗਿਆ ਹੈ

-----

## ਬੱਦਲ਼ ਸਾਗਰ਼ ਤੇ ਮਗਰਮੱਛ

ਰੂੰ ਦਾ ਗੋੜ੍ਹਾ
ਆਪਣੀ ਦੇਹ ਤੋਂ ਜਲ ਉਤਾਰ
ਭਾਫ਼ ਹੋ ਗਿਆ
ਅੰਬਰੀ ਮੰਚ ਤੇ
ਉਸ ਦਾ ਜੀਵਨ ਵਾਸ ਹੋ ਗਿਆ

-0-

ਇਕੱਲਾ ਆਇਆ
ਇਕੱਲੇ ਜਾਣਾ ਜਾਣਦਾ ਸੀ ਉਹ
ਜ਼ਿੰਦਗੀ ਜਿਊਣ ਲਈ
ਇਕ ਸਥਾਨ ਭਾਲਦਾ ਸੀ ਉਹ
ਜ਼ਿੰਦਗੀ ਖੋਜ ਹੈ
ਖੋਜ ਹੈ ਜ਼ਿੰਦਗੀ
ਇਸ ਸੱਚ ਤੋਂ ਵਾਕਿਫ਼ ਸੀ ਉਹ
ਜ਼ਿੰਦਗੀ ਦੇ ਹਾਣ ਮੁਤਾਬਕ ਸੀ ਉਹ

-0-

ਸਮੁੰਦਰ 'ਚ
ਇਕ ਹਾਦਸਾ ਹੋਇਆ
ਸਮੁੰਦਰ ਉਬਲਿਆ
ਸਮੁੰਦਰੀ ਜੀਵ-ਜੰਤ ਸੁਲਗਿਆ
ਜਲ ਭਾਫ਼ ਦਾ ਰੂਪ ਵਟਾ ਗਿਆ
ਜਲ ਜੀਵਨ ਬਣਵਾਸੀ ਧਾ ਗਿਆ
ਸਾਗਰ ਦੀਆਂ ਰੌਣਕਾਂ ਰੰਗੀਨੀਆਂ
ਮਾਨਵ ਮਗਰਮੱਛ ਖਾ ਗਿਆ

-0-

ਮਾਨਵ ਜਾਨਵਰ
ਵਿਗਿਆਨਕ ਪ੍ਰਾਪਤੀਆਂ ਦੇ
ਪ੍ਰਯੋਗ ਲਈ
ਸਾਗਰ ਥਲ ਵਿਚ ਬਦਲਦਾ ਹੈ
ਧਰਤ ਜੰਗਲ ਮਾਂ ਮੇਟਰ ਕਰਦਾ ਹੈ
ਕੁਦਰਤ ਦੀ ਤਲੀਏ ਅੰਗਿਆਰ ਧਰਦਾ ਹੈ
ਆਪਣੀ ਸੱਤਾ ਤੇ ਖ਼ੁਦਮੁਖਤਾਰੀ ਦਾ ਪਰਚਮ
ਬੁਲੰਦ ਕਰਦਾ ਹੈ

-0-

ਜਦ ਬੱਦਲ
ਸਮੁੰਦਰ ਵਿਚ ਜਲ ਦਾ ਰੂਪ ਸੀ
ਮਗਰਮੱਛਾਂ ਦੇ ਸੰਗ ਵੱਸਦਾ ਸੀ
ਅੱਜ ਧਰਤੀ ਤੇ ਉਤਰਣ ਲਈ
ਧਰਤੀ ਤੇ ਵੱਸਦੇ ਮਗਰਮੱਛਾਂ ਤੋਂ ਡਰਦਾ ਹੈ
ਜੋ ਸਾਗਰ ਤੋਂ ਸਹਿਰਾ
ਧਰਤੀ ਤੋਂ ਅੰਬਰ ਤਕ ਮਾਰ ਕਰਦੇ ਹਨ
ਵਿਸ਼ਵ ਸ਼ਾਂਤੀ ਤੇ ਮਾਨਵਤਾ ਦਾ ਦਮ ਭਰਦੇ ਹਨ

-----

## ਬ਼ੀਚ

ਮੈਂ ਬ਼ੀਚ ਦਾ ਨ਼ਹੀਂ
ਬੀਚ ਤੇ ਪਏ ਨੰਗੇ ਜਿਸਮਾਂ ਦਾ
ਕਾਇਲ ਹਾਂ
ਜੋ ਅੰਦਰ ਦੀ ਸੁਤੰਤਰਤਾ ਲਈ
ਆਪਣੇ ਖੋਲ
ਉਤਾਰ ਆਏ ਹਨ
ਅਰਥਾਂ 'ਚ ਵਿਚਰਨ ਲਈ
ਸ਼ਬਦਾਂ ਦੇ ਅਰਥ ਸਿਰਜਣ ਲਈ
ਦੇਹ ਸਾਗਰ ਕਰ ਪਾਰ ਆਏ ਹਨ

-0-

ਨੰਗੇ ਜਿਸਮ ਸੰਕੇਤ ਹਨ
ਖੁੱਲ੍ਹੇ ਦਰਵਾਜ਼ੇ
ਖਿੜਕੀਆਂ ਤੇ ਰੌਸ਼ਨਦਾਨਾਂ ਦੇ
ਖੁੱਲ੍ਹੀਆਂ ਧਰਤੀਆਂ
ਖੁਲ੍ਹਿਆਂ ਅਸਮਾਨਾਂ ਦੇ
ਅੰਦਰ ਆਓ ਪੁਕਾਰਦੇ ਹਨ
ਸਾਨੂੰ ਪਰਤ-ਦਰ-ਪਰਤ ਉਧੇੜੋ
ਸਾਡਾ ਸੱਚ ਸਮਝੋ ਤੇ ਪਰਤ ਜਾਓ
ਆਖ਼ਦੇ ਹਨ

-0-

ਸਾਡਾ ਅੰਦਰਲਾ ਸੱਚ
ਬਾਹਰਲਾ ਕੱਜਣ ਉੱਤਾਰ
ਨੈਤਿਕਤਾ ਦੀ ਸਰਦਲ ਟੱਪ
ਅਨੈਤਿਕਤਾ ਦੀ ਤਲੀ ਤੇ

ਸੂਰਜ ਵਾਂਗ ਜਗਦਾ ਹੈ
ਹਰ ਮੁਥਾਜ਼ੀ ਨੂੰ
ਸੁਤੰਤਰਤਾ ਦੀ ਸੂਲ ਟੰਗਦਾ ਹੈ

-0-

ਨੰਗੇ ਜਿਸਮ
ਭਾਸ਼ਾਨੁਮਾ ਅਰਥ
ਅਰਥਨੁਮਾ ਭਾਸ਼ਾ ਸਿਰਜਦੇ ਹਨ
ਨੰਗੇ ਜਨਮਦੇ ਹਨ
ਨੰਗੇ ਵਿਚਰਦੇ ਹਨ
ਨੰਗੇ ਜਿਸਮ ਜੋ ਬੀਚ ਤੇ ਪਏ ਹਨ
ਸਮਾਂ ਸਿਰਜਦੇ ਹਨ
ਇਨ੍ਹਾਂ ਜਿਸਮਾਂ 'ਚ ਉਤਰਦਾ ਹਾਂ
ਸ਼ਬਦ ਤੋਂ ਅਰਥ ਹੋ ਪਰਤਦਾ ਹਾਂ

-0-

ਮੈਂ ਬੀਚ ਦਾ ਨਹੀਂ
ਬੀਚ ਤੇ ਪਏ ਨੰਗੇ ਜਿਸਮਾਂ ਦਾ
ਕਾਇਲ ਹਾਂ
ਜੋ ਅੰਦਰ ਦੀ ਸੁਤੰਤਰਤਾ ਲਈ
ਆਪਣੇ ਖੋਲ ਉਤਾਰ ਆਏ ਹਨ
ਅਰਥਾਂ 'ਚ ਵਿਚਰਨ ਲਈ
ਸ਼ਬਦਾਂ ਦੇ ਅਰਥ ਸਿਰਜਣ ਲਈ
ਦੇਹ ਸਾਗਰ ਕਰ ਪਾਰ ਆਏ ਹਨ

------

## ਬਾਗ਼ਬਾਨ

ਮਾਲੀ ਉਦਾਸ ਹੈ
ਨਾ ਦੂਰ ਆਪਣੇ ਤੋਂ
ਨਾ ਆਪਣੇ ਪਾਸ ਹੈ

–0–

ਕੀ ਪਤਾ ਸੀ
ਮਹਿਕ ਗੁਲਸ਼ਨ ਦੀ ਖਾ ਜਾਏਗੀ
ਉਸਦੇ ਵਜ਼ੂਦ ਨੂੰ
ਸਾਇਆ ਹੀ ਮੇਟ ਦਏਗਾ
ਦੇਹ ਦੇ ਸਬੂਤ ਨੂੰ
ਸਿਰਜ ਕੇ ਫੁੱਲ ਪੱਤੀਆਂ
ਬੂਟੇ ਤੇ ਰੁੱਖ ਰੋਇਆ ਹੈ ਮਾਲੀ
ਆਪਣੀ ਪੱਤਝੜ ਦੀ ਉਡੀਕ 'ਚ
ਜਿਉਂਦਾ ਹੀ ਮੋਇਆ ਹੈ ਮਾਲੀ

–0–

ਬਾਗ਼ਬਾਨ ਨੂੰ
ਕਾਗਜ਼ੀ ਫੁੱਲ ਪੱਤੀਆਂ ਰੰਗ ਹਨ
ਸਮਝਾ ਰਹੇ
ਜਿਉਣਾ ਕਿਵੇਂ ਹੈ
ਪਦਾਰਥ ਚੋਂ ਜ਼ਿੰਦਗੀ ਉਸਾਰ ਕੇ
ਵੱਸਣਾ ਕਿਵੇਂ ਹੈ
ਸੀਮਿੰਟ ਸਰੀਏ ਸ਼ੀਸ਼ੇ ਦੀ ਦੁਨੀਆਂ 'ਚ
ਕੱਚਿਆਂ ਘਰਾਂ ਦੇ ਦੀਵਿਆਂ 'ਚ
ਸੂਰਜ ਉਤਾਰ ਕੇ

–0–

ਪਦਾਰਥ ਦੱਸ ਰਿਹਾ ਹੈ
ਮੌਸਮਾਂ ਰੁੱਤਾਂ ਬਹਾਰਾਂ ਦੇ
ਆਗ਼ਮਨ ਦਾ ਸਮਾਂ
ਖਾਦ ਦੀਆਂ ਕਿਸਮਾਂ
ਪਰੂਨਿੰਗ ਦੇ ਢੰਗ
ਵੇਲਾਂ ਬੂਟਿਆਂ ਫੁੱਲਾਂ ਦੇ ਨਾਂ
ਪਦਾਰਥ ਦੀ ਦੁਨੀਆਂ 'ਚ
ਲਹੂ ਮਾਸ ਦੇ ਮਾਲੀ ਦੀ
ਕਿੱਥੇ ਹੈ ਥਾਂ

-0-

ਮਾਲੀ ਆਦੀ ਹੋ ਗਿਆ ਹੈ
ਸਵੈ ਸਿਰਜੇ ਦੈਂਤ ਦੀ ਰਜ਼ਾ 'ਚ
ਆਪਣਾ ਵਜ਼ੂਦ ਸਿਰਜਣਾ
ਮਾਰ ਕੇ ਆਪਾ
ਜਿਊਣਾ ਤੇ ਵਿਚਰਨਾ
ਮਾਲੀ ਉਦਾਸ ਹੈ
ਨਾ ਦੂਰ ਆਪਣੇ ਤੋਂ
ਨਾ ਆਪਣੇ ਪਾਸ ਹੈ

-----

## ਲਹਿਰ ਦਾ ਸਫ਼ਰ

ਲਹਿਰ ਸਮੁੰਦਰ ਤਿਆਗ਼
ਕਿਨਾਰੇ ਤੇ ਆਈ ਹੈ
ਸਾਗਰ ਦਾ ਅੰਤਰੀਵ
ਸੰਗ ਲਿਆਈ ਹੈ
ਕਿਨਾਰੇ ਤੇ ਰੇਤ ਦਾ
ਜਦ ਬਦਨ ਛੁਹਿਆ
ਮਹਿਸੂਸ ਹੋਇਆ
ਸਾਗਰ ਦੇ ਅੰਦਰ ਵੀ ਸਹਿਰਾ ਹੈ
ਬਾਹਰ ਵੀ ਸਹਿਰਾ ਹੈ

-0-

ਸਾਗਰ ਪ੍ਰਦੂਸ਼ਤ ਹੈ
ਪ੍ਰਦੂਸ਼ਨ ਸਾਗਰ ਹੈ
ਹਰ ਬੂੰਦ ਭਾਫ਼ ਲਈ ਤੱਤਪਰ ਹੈ
ਹਰ ਮੱਛੀ
ਸ਼ਮਸ਼ਾਨ ਜਿਉਂਦੀ ਹੈ
ਸਮੁੰਦਰ ਦੇ ਫੇਫੜਿਆਂ 'ਚ
ਸਾਹ ਠਹਿਰ ਗਏ ਹਨ
ਸਮੁੰਦਰੀ ਜੀਵ ਜੰਤੂ
ਆਪਣੀਆਂ ਲਾਸ਼ਾਂ ਉਠਾਈ
ਮੁਰਦਾ ਸਮੁੰਦਰ ਤੈਰ ਰਹੇ ਹਨ

-0-

ਸਮੁੰਦਰ 'ਚ ਸਮੁੰਦਰ ਨਹੀਂ
ਥਲ ਭੁਰਦਾ ਹੈ
ਸਮੁੰਦਰੀ ਨੀਲਤਾ 'ਚ
ਮਨੁੱਖੀ ਗੰਧ ਘੁਲੀ ਹੈ
ਜਲ ਦਾ ਅਰਘਾ
ਪਦਾਰਥੀ ਦੈਂਤ ਦੇ ਚਰਨੀਂ
ਸਾਗਰ ਨੇ ਚੜ੍ਹਾਇਆ ਹੈ
ਜਲ ਜੀਵਨ
ਕਬਰਾਂ 'ਚ ਸਮਾਇਆ ਹੈ
ਲਹਿਰ ਨੇ ਕਿਨਾਰਿਆਂ ਨੂੰ
ਸਮੁੰਦਰੀ ਅੰਤਰੀਵ ਵਿਖਾਇਆ ਹੈ
ਸਾਗਰ ਦਾ ਸੱਚ ਸਮਝਾਇਆ ਹੈ

-0-

ਲਹਿਰ ਉਦਾਸ ਹੈ
ਧਰਤ ਤੇ ਮਨੁੱਖ ਨਹੀਂ
ਮਨੁੱਖਾਂ ਦੀ ਭੀੜ ਹੈ
ਜੀਅ ਰਹੇ ਹਨ ਲੋਕ
ਪਰ ਮੁਰਦਾ ਜ਼ਮੀਰ ਹੈ
ਮਾਨਵ 'ਚ ਮਾਨਵ ਨਹੀਂ
ਸਾਗਰ 'ਚ ਸਾਗਰ ਨਹੀਂ
ਪਦਾਰਥ
ਸਾਗਰ ਤੇ ਮਾਨਵ ਖਾ ਗਿਆ ਹੈ
ਲਹੂ ਮਾਸ ਦੀ ਦੁਨੀਆਂ 'ਚ
ਸ਼ੀਸ਼ੇ ਦਾ ਜੰਗਲ ਉੱਗਾ ਗਿਆ ਹੈ

-0-

ਉੱਚੀਆਂ ਇਮਾਰਤਾਂ ਹਨ
ਬੰਦ ਕਮਰਿਆ ਜਿਹੇ ਲੋਕ ਹਨ
ਪੱਥਰ ਦੇ ਜ਼ਿਹਨ
ਪਲਾਸਟਿਕ ਦੇ ਧੜ ਹਨ
ਸ਼ੀਸ਼ੇ ਦੀਆਂ ਸੜਕਾਂ ਦੁਆਲੇ
ਸੜਦੀਆਂ ਛਾਵਾਂ ਜਿਉਂਦੇ ਰੁੱਖ ਹਨ
ਬਿਜਲੀ ਦੀਆਂ ਚਿੱੜੀਆਂ
ਘੁੱਗੀਆਂ ਕਾਵਾਂ ਦਾ ਵਸੇਰਾ ਹੈ
ਲੋਹੇ ਦੇ ਪੱਤ ਤਾਂਬੇ ਦਾ ਤਣਾ
ਚਾਂਦੀ ਦੀਆਂ ਟਹਿਣੀਆਂ
ਪਿੱਤਲ ਜਿਹਾ
ਜੀਵਨ ਰੁੱਖ ਦਾ ਚਿਹਰਾ ਹੈ

-0-

ਚੇਤਨਹੀਣ ਸਮਾਂ
ਕਾਠ ਦੇ ਘੋੜੇ 'ਤੇ
ਸ਼ਹਿਰ ਦੀ ਗਸ਼ਤ ਕਰ ਰਿਹਾ ਹੈ
ਸੜਕਾਂ ਤੇ ਤੁਰਦੀਆਂ ਕੰਧਾਂ
ਬੇਘਰ ਹੋਏ ਵਿਹੜੇ
ਬੁੱਝ ਗਏ ਚੁਲ੍ਹਿਆਂ ਦੇ
ਪ੍ਰਛਾਵੇਂ ਫੜ ਰਿਹਾ ਹੈ
ਪ੍ਰਛਾਵੇਂ ਜੋ ਸਿਰ ਤੇ ਪੈਰ ਧਰ
ਸ਼ਹਿਰੀ ਕੰਠ ਦੀ ਸੂਲੀ ਚੜ੍ਹੇ ਹਨ
ਸ਼ਹਿਰ ਦੀਆਂ ਨੀਂਹਾਂ ਹੇਠ ਆਏ
ਸ਼ਹਿਰ ਤਲੀਆਂ ਤੇ
ਧਰੀ ਖੜ੍ਹੇ ਹਨ

-0-

ਲਹਿਰ ਦਾ ਸਫ਼ਰ
ਇਕ ਸਹਿਰਾ ਤੋਂ ਸ਼ੁਰੂ ਹੋ ਕੇ
ਦੂਜੇ ਸਹਿਰਾ ਤੇ ਮੁੱਕਦਾ ਹੈ
ਜਿਸ ਦਾ ਆਦਿ ਵੀ ਮਨੁੱਖ
ਅੰਤ ਵੀ ਮਨੁੱਖ ਸਿਰਜਦਾ ਹੈ

------

## ਸਵੈ ਖੜੋਤ

ਮੈਂ ਬੀਜ
ਕਿਉਂ ਆਪਣੇ ਹੀ ਆਦਿ 'ਚ
ਜਿਉਂਦਾ ਹਾਂ
ਆਪਣੇ ਹੀ ਆਦਿ 'ਚ ਮਰਦਾ ਹਾਂ
ਸ਼ਾਇਦ ਮੈਂ ਬੀਜ ਤੋਂ
ਅਜੇ ਤੱਕ ਬਾਹਰ ਨਹੀਂ ਆਇਆ
ਰੁੱਖ ਬਣ ਨਹੀਂ ਪਾਇਆ

-0-

ਮੇਰੇ ਦੁਆਲੇ
ਸਥੂਲ ਰੁੱਖਾਂ ਦਾ ਜੰਗਲ ਹੈ
ਜਿਸ ਦੀ ਛਾਂ ਹੇਠਾਂ
ਮੈਂ ਕਿਵੇਂ ਪੁੰਗਰਾਂ
ਕਿਵੇਂ ਰੁੱਖ ਦਾ ਸਫ਼ਰ ਕਰਾਂ
ਆਪਣੀ ਸ਼ਨਾਂਖ਼ਤ ਹੋਂਦ ਤੇ ਸੱਚ
ਕਿਵੇਂ ਆਪਣੀ ਤਲੀ ਤੇ ਧਰਾਂ

-0-

ਇਹ ਜੰਗਲ
ਮੇਰੇ 'ਚ ਹੀਣਭਾਵਨਾ ਦਾ
ਦੀਵਾ ਜਗਾਉਂਦਾ ਹੈ
ਮੇਰੀ ਚੇਤਨਾ ਨੂੰ
ਪੱਥਰ ਬਣਾਉਂਦਾ ਹੈ
ਮੇਰੇ ਵਿਚਲਾ ਰੁੱਖ ਉੱਗਣ ਤੋਂ
ਪਹਿਲਾਂ ਹੀ ਖਾ ਜਾਂਦਾ ਹੈ
ਇਹ ਜੰਗਲ

ਆਪਣੇ ਵਿਕਾਸ ਦੇ ਦਰਪਣ 'ਚ
ਮੈਨੂੰ ਭੂਤ
ਆਪਣੇ ਆਪ ਨੂੰ
ਵਰਤਮਾਨ ਤੇ ਭਵਿੱਖ ਵਿਖਾਉਂਦਾ ਹੈ

-0-

ਇਹ ਜੰਗਲ
ਮੇਰੀ ਦੇਹ ਜ਼ਿਹਨ ਤੇ ਹੋਂਦ
ਵਿਕਸਣ ਤੇ ਸਿਰਜਣ ਦਾ ਸੋਮਾ ਹੈ
ਮੇਰੇ ਦੁਆਲੇ
ਮੇਰ੍ਹੇ ਤੋਂ ਵਡੇਰਾ ਵਜ਼ੂਦ ਇਸ ਦਾ ਹੈ
ਮੇਰੇ ਚੌਗਿਰਦੇ 'ਚ ਸੱਚ
ਮੌਜ਼ੂਦ ਇਸ ਦਾ ਹੈ

-0-

ਮੈਂ ਜਦ ਵੀ
ਪਦਾਰਥੀ ਦਰਪਣ ਸਾਵੇਂ ਖਲੋਂਦਾ ਹਾਂ
ਸਿਫ਼ਰਿਆਂ ਦੀ ਮਨਫ਼ੀ
ਨਜ਼ਰ ਆਉਂਦਾ ਹਾਂ
ਨਕਸ਼ਾਂ ਅੰਗਾਂ 'ਚ ਤਕਸੀਮਿਆਂ
ਆਪਣਾ ਆਪ ਪਾਉਂਦਾ ਹਾਂ
ਵਸਤੂ ਵਿਕਾਸ ਦਾ ਸੰਤਾਪ
ਹੰਢਾਉਂਦਾ ਹਾਂ
ਕਿ ਮੇਰਾ ਆਪਣਾ ਹੀ ਸਾਇਆ
ਮੇਰੀ ਦੇਹ ਨੂੰ ਖਾ ਗਿਆ
ਆਪਣਾ ਵਿਸਥਾਰ
ਸਿਰਜਦਾ ਹੀ ਸਿਰਜਦਾ
ਬੀਜ ਦਾ ਸੱਚ ਮੁੱਕਾ ਗਿਆ

------

## ਸਾਏ ਦਾ ਸਫ਼ਰ

ਮੇਰੇ 'ਚ
ਇਕ ਆਦਮੀ ਹੋਰ ਤੁਰਦਾ ਹੈ
ਮੇਰੇ ਹੱਥਾਂ ਪੈਰਾਂ 'ਚ ਕਿੱਲ ਠੋਕਦਾ ਹੈ
ਮੈਨੂੰ ਮੇਰੀ ਮੈਂ ਦੇ ਪਿੱਛੇ
ਦੌੜਣ ਤੋਂ ਰੋਕਦਾ ਹੈ
ਮੇਰੀ ਚੇਤਨਾ 'ਚ
ਠਹਿਰਾਓ ਭਰਦਾ ਹੈ
ਮੇਰੀ ਗਤੀ 'ਚ ਸਹਿਜ ਉਤਾਰਦਾ ਹੈ
ਮੇਰੀ ਚਾਲ ਦੇ ਪੈਰੀਂ
ਪੱਥਰ ਬੰਨ੍ਹਦਾ ਹੈ

-0-

ਮੈਂ ਆਪਣੇ ਆਪ 'ਚ
ਏਨਾ ਤੇਜ਼ ਦੌੜ ਰਿਹਾ ਹਾਂ
ਕਿ ਆਪਣੇ ਆਪ ਨੂੰ
ਪਿੱਛੇ ਛੱਡ ਗਿਆ ਹਾਂ
ਅੰਬਰ ਤੋਂ ਅਗੇਰੇ ਉੱਡ ਗਿਆ ਹਾਂ
ਧਰਤੀ ਤੋਂ ਡੂੰਘਾ ਉਤਰ ਗਿਆ ਹਾਂ

-0-

ਮੈਂ ਪਹਾੜ ਤਲੀਆਂ ਤੇ ਧਰ ਲਏ ਹਨ
ਸਾਗਰ ਚੂਲੀ ਚੂਲੀ ਕਰ ਪੀ ਲਏ ਹਨ
ਜੰਗਲ ਨਜ਼ਰਾਂ 'ਚ ਸਮੇਟ ਲਏ ਹਨ
ਸਾਰੇ ਬ੍ਰਹਿਮੰਡ ਦੀ ਪੋਟਲੀ ਬੰਨ੍ਹ
ਸਿਰ ਤੇ ਧਰ ਲਈ ਹੈ

ਆਪਣੀ ਰਫ਼ਤਾਰ 'ਚ ਆਪਣੇ ਆਪ ਨੂੰ
ਆਲੇ ਦੁਆਲੇ ਨੂੰ ਪਿੱਛੇ ਛੱਡ ਗਿਆ ਹਾਂ

-0-

ਹੁਣ ਮੈਂ ਸੋਚਦਾ ਹਾਂ
ਮੇਰੇ ਦੁਆਲੇ ਖਲੋਤ ਉੱਗ ਆਵੇ
ਸਭ ਕੁੱਝ ਗਤੀਹੀਣ ਹੋ ਜਾਏ
ਮੇਰੇ ਨਾਲ ਜੋ ਦੌੜ ਰਿਹਾ ਹੈ
ਸਭ ਥਮ ਜਾਏ
ਤਾਂ ਕਿ ਮੈਂ ਤੇਜ਼ ਦੌੜ ਕੇ
ਜੋ ਕੁੱਝ ਵੀ ਹਾਸਲ ਕੀਤਾ ਹੈ
ਉਸ 'ਚ ਠਹਿਰਾਂ ਵਿਚਰਾਂ
ਤੇ ਉਸ ਨੂੰ ਹੰਢਾਅ ਸਕਾਂ
ਉਸ ਸੁੱਖ ਦਾ ਆਨੰਦ ਪਾ ਸਕਾਂ
ਪਰ ਮੇਰੀ ਮੈਂ ਕਿੱਥੇ ਠਹਿਰਦੀ ਹੈ
ਬਸ ਦੌੜਦੀ ਹੀ ਦੌੜਦੀ ਹੈ
ਕਿੱਥੇ ਬੈਠਦੀ ਹੈ

-0-

ਮੇਰੇ ਨਾਲ
ਮੇਰਾ ਸਾਇਆ ਤਾਂ ਰੁਕਿਆ ਨਹੀਂ
ਮੇਰੋ ਅੱਗੇ ਦੌੜ ਰਿਹਾ ਹੈ
ਮੈਂ ਸਾਏ ਨੂੰ ਹੀ
ਆਪਣੇ ਦੁਆਲੇ ਦੌੜਦਾ
ਦੁਆਲਾ ਸਮਝਦਾ ਰਿਹਾ
ਦੁਆਲਾ ਤਾਂ ਉੱਥੇ ਹੀ ਖੜ੍ਹਾ ਸੀ
ਜਿੱਥੋਂ ਮੈਂ ਪੈਰ ਪੁੱਟਿਆ ਸੀ

ਮੈਂ ਆਪਣੇ ਆਪ ਦੇ ਨਾਲ ਹੀ ਨੱਸਦਾ ਰਿਹਾ
ਮੈਂ ਜਿੰਨਾਂ ਸਫ਼ਰ ਮੁਕਾਉਂਦਾ ਸਾਂ
ਓਨਾ ਹੀ ਪੰਧ ਸਾਵੇਂ ਹੋਰ ਪਾਉਂਦਾ ਸਾਂ
ਨਾ ਪੰਧ ਮੁੱਕਦਾ ਸੀ ਨਾ ਮੈਂ ਰੁਕਦਾ ਸੀ

-0-

ਮੈਂ ਆਪਣੇ ਸਾਏ ਪਿੱਛੇ ਦੌੜਦਾ ਦੌੜਦਾ
ਇਕ ਮੁਕਾਮ ਤੇ ਆਇਆ
ਜਿੱਥੇ ਆਲੋਪ ਸੀ ਸਾਇਆ
ਅਸਲ ਸਿਰ ਦਾ ਸੂਰਜ ਡੁੱਬ ਗਿਆ ਸੀ
ਸਾਇਆ ਦੇਹ ਚ ਛੁੱਪ ਗਿਆ ਸੀ
ਮੈਂ ਤੱਕਿਆ ਮੇਰੇ ਆਪਣੇ ਹੱਥਾਂ ਤੇ ਪੈਰਾਂ ਚੋਂ
ਕਿੱਲ ਉੱਗ ਆਏ
ਲਹੂ ਚੋਅ ਰਿਹਾ ਸੀ
ਮੈਂ ਅੰਦਰਲੇ ਆਦਮੀ ਦੇ ਗਲ ਲੱਗ ਰੋ ਰਿਹਾ ਸੀ

-0-

ਸਫ਼ਰ ਨਹੀਂ ਮੁੱਕਦੇ ਆਦਮੀ ਮੁੱਕ ਜਾਂਦਾ ਹੈ
ਬੀਜ ਚੋਂ ਰੁੱਖ ਤੁਰਦਾ ਤੁਰਦਾ ਬੀਜ ਹੋ ਜਾਂਦਾ ਹੈ
ਰੁੱਖ ਚੋਂ ਬੀਜ ਤੁਰਦਾ ਤੁਰਦਾ ਰੁੱਖ ਹੋ ਜਾਂਦਾ ਹੈ
ਉਂਜ ਬੀਜ ਰੁੱਖ ਹੋ ਕੇ ਮੁੱਕ ਜਾਂਦਾ ਹੈ
ਰੁੱਖ ਬੀਜ ਹੋ ਕੇ ਮੁੱਕ ਜਾਂਦਾ ਹੈ

-0-

ਮੇਰੇ 'ਚ
ਇਕ ਆਦਮੀ ਹੋਰ ਤੁਰਦਾ ਹੈ
ਮੇਰੇ ਹੱਥਾਂ ਪੈਰਾਂ 'ਚ ਕਿੱਲ ਠੋਕਦਾ ਹੈ
ਮੈਨੂੰ ਮੇਰੀ ਮੈ ਦੇ ਪਿੱਛੇ ਦੌੜਣ ਤੋਂ ਰੁਕਦਾ ਹੈ

-----

# ਨੰਗੀਆਂ ਰੌਸ਼ਨੀਆਂ

ਸ਼ਹਿਰ ਦੀਆਂ ਸੜਕਾਂ
ਬਜ਼ਾਰਾਂ ਚੌਕਾਂ ਚੌਰਾਹਿਆਂ 'ਚ
ਸ਼ਮਾਂ ਜਗੀਆਂ ਹਨ
ਇਹ ਕਾਤਰਾਂ ਚੰਨ ਦੀਆਂ
ਕਿਸ
ਸ਼ਹਿਰ ਦੀ ਤਲੀ ਤੇ ਧਰੀਆਂ ਹਨ

-0-

ਇਹ ਨੰਗੇ ਜਿਸਮ
ਜੇਬਾਂ ਦੀਆਂ ਡੂੰਘੀਆਂ
ਖੂਹੀਆਂ ਦੇ ਇਸ਼ਾਰੇ 'ਤੇ
ਆਪਣੇ ਹੀ ਪੈਰਾਂ ਹੇਠ ਖਿਲਰੇ
ਅੰਗਾਂ ਤੇ ਨਕਸ਼ਾਂ 'ਤੇ ਨੱਚ ਰਹੇ ਹਨ
ਇਹ ਕੀ ਵੇਖ ਰਹੇ ਹਨ
ਇਹ ਕੀ ਕਰ ਰਹੇ ਹਨ

-0-

ਸ਼ਹਿਰ ਦਾ ਸੀਤ ਲਹੂ
ਇਨ੍ਹਾਂ ਦੇ ਨਿੱਘ ਦੀ
ਪ੍ਰਕਰਮਾਂ 'ਚ ਰੁੱਝਾ ਹੈ
ਮੁਰਦਾ ਸ਼ਬਦਾਂ ਦਾ ਕਾਫ਼ਲਾ
ਸੰਜੀਵਨੀ ਕੰਜਕਾਂ ਦੇ ਜਿਸਮਾਂ ਦਾ ਭੁੱਖਾ ਹੈ
ਲੱਤਾਂ ਦੇ ਚੁੱਲ੍ਹਿਆਂ 'ਤੇ
ਸ਼ਹਿਰ ਧੁੱਖ ਰਿਹਾ ਹੈ

ਕੋਈ ਪੁੰਨ ਗੰਧਲਾ ਹੋ ਰਿਹਾ ਹੈ
ਕੋਈ ਪਾਪ ਧੁੱਲ ਰਿਹਾ ਹੈ

-0-

ਸ਼ਹਿਰ ਦੇ ਪਲੇਠੇ ਲਹੂ ਦਾ ਕਾਫ਼ਲਾ
ਪਾਣੀ 'ਚ ਰਲਿਆ ਹੈ
ਵਿਸ਼ ਪੀ ਕੇ ਸ਼ਹਿਰ ਦੀ
ਜੀਵਨ ਦੀ ਜੀਭਾ 'ਤੇ
ਮਾਖਿਓਂ ਧਰਿਆ ਹੈ
ਸਹਿਰਾ ਦੀ ਤਪਸ਼ ਲਈ
ਕੋਈ ਜੰਗਲ ਲਗਰਾਂ ਦਾ
ਸੂਲੀ ਚੜ੍ਹਿਆ ਹੈ
ਸਾਗਰ ਦਾ ਜਲ
ਉਬਲਿਆ ਹੈ

-0-

ਇਹ ਜ਼ਖ਼ਮ
ਜੋ ਪੁੰਗਰਦੀਆਂ ਪੌਣਾਂ ਦੇ
ਮੱਥੇ ਤੇ ਲੱਗੇ ਹਨ
ਇਹ ਦਾਗ਼ ਜੋ ਪਹਿਚਾਣ ਬਣ ਕੇ
ਮਹਿਕਾਂ ਦੇ ਚਿਹਰੇ ਤੇ ਦਗ਼ਦੇ ਹਨ
ਸ਼ਹਿਰ ਦੇ ਕਾਮੀ
ਕੀੜਿਆਂ ਨੇ ਉੱਗਾਏ ਹਨ
ਨਦੀਆਂ ਝੀਲਾਂ ਦੀਆਂ ਕੁੱਖਾਂ ਚੋਂ
ਥਲ ਜਨਮ ਆਏ ਹਨ

-0-

ਸ਼ਹਿਰੀ ਕਲਸਾਂ ਦੇ ਬੋਲ
ਪੌਣਾਂ ਨੇ ਧਰਤੀ ਲਈ ਉਚਾਰੇ ਹਨ

ਚਾਂਦਨੀ ਜਿਹੇ ਜਿਸਮ
ਚੰਨਾਂ ਤਾਰਿਆਂ ਦੇ ਰੂਪ
ਚਾਨਣ ਮੋਮਬੱਤੀਆਂ ਦੇ
ਸ਼ਹਿਰ ਦੇ ਕਲਸਾਂ•
ਸੜਕਾਂ 'ਤੇ ਉਤਾਰੇ ਹਨ
ਹਰਿਆਵਲੀਆਂ
ਖ਼ੁਸ਼ਬੂਆਂ ਦੇ ਕੂਲੇ ਅੰਗ
ਬਲਦੀਆਂ ਧ੍ਰੁੱਪਾਂ 'ਚ ਖਲਿਆਰੇ ਹਨ

-0-

ਇਹ ਜ਼ਖ਼ਮ ਇਹ ਦਾਗ਼
ਨਵ-ਪੁੰਗਰਾਂ ਦੇ ਮੱਥੇ ਤੇ
ਜੋ ਸ਼ਹਿਰ ਦੇ ਪਾਣੀ ਹੋ ਗਏ
ਲਹੂ ਨੇ ਲਾਏ ਹਨ
ਅੱਗਾਣ ਰੁੱਖ ਬਣ ਕੇ
ਸੜਕਾਂ ਤੇ ਉੱਗ ਆਏ ਹਨ
ਕੱਲ੍ਹ ਜੋ ਮਰਮਰੀ ਚੁੱਪ ਦਾ ਬੁੱਤ
ਤਿੜਕਿਆ ਹੈ
ਜਿਸ ਦੀ ਅਵਾਜ਼ ਨੇ
ਸਾਰਾ ਸ਼ਹਿਰ ਰਿੜਕਿਆ ਹੈ
ਜਿਸ ਦਾ ਲਹੂ
ਸ਼ਹਿਰ ਦੀਆਂ ਕੰਧਾਂ ਚਿਹਰੇ ਤੇ ਮਲਿਆ ਹੈ
ਹਰ ਇਥ ਘਰ ਦੀ ਛੱਤ ਨੇ
ਆਪਣਾ ਸਿਰ ਤਲੀ ਤੇ ਧਰਿਆ ਹੈ

-----

## ਕੱਚੇ ਘਰਾਂ ਦੀ ਮਹਿਕ

ਮੈਂ
ਆਪਣੇ ਗਿਰਾਂ ਆਇਆਂ ਸਾਂ
ਮਿੱਟੀ ਦੇ ਲੋਕਾਂ ਕੱਚੇ ਘਰਾਂ
ਤੇ ਗਲੀਆ ਦੀ ਮਹਿਕ ਲਈ
ਪਿੱਪਲਾਂ ਬੋਹੜਾਂ ਤੂਤਾਂ ਧਰੇਕਾਂ ਲਈ
ਪੈਲੀਆਂ ਹਰੀਆਂ ਲਈ
ਚੜ੍ਹਦੀਆਂ ਸਰਘੀਆਂ ਲਈ
ਸ਼ਾਮਾਂ ਢਲੀਆਂ ਲਈ

-0-

ਵੇਖਦਾ ਹਾਂ
ਜਿਨ੍ਹਾਂ ਘਰਾਂ 'ਚ
ਕਦੀ ਕੋਇਲਾਂ ਬੋਲਦੀਆਂ ਸਨ
ਮੋਰ ਪੈਲ ਪਾਉਂਦੇ ਸਨ
ਕਾਂ ਬੰਨ੍ਹੇਰੀਂ
ਪ੍ਰਾਹੁਣਿਆਂ ਦੇ ਆਉਣ ਦੇ
ਸੁਨੇਹੇ ਲਿਆਉਂਦੇ ਸਨ
ਉਨ੍ਹਾਂ ਘਰਾਂ ਦਿਆਂ ਖੰਡਰਾਂ ਚੋਂ
ਕਬੂਤਰ ਬੋਲਦੇ ਹਨ
ਪਿੰਡ ਤੇ ਝੁੱਲੀਆਂ ਹਨ੍ਹੇਰੀਆਂ
ਝੱਖੜਾਂ ਦੀਆਂ ਪਰਤਾਂ ਫੋਲਦੇ ਹਨ

-0-

ਮੈਂ ਆਇਆ ਸਾਂ
ਮਿੱਟੀ ਦੇ ਰਿਸ਼ਤਿਆਂ ਦੇ ਨਿੱਘ ਲਈ

ਉਨ੍ਹਾਂ ਕੰਧਾਂ ਵਿਹੜਿਆਂ ਲਈ
ਜਿਨ੍ਹਾਂ ਮੇਰੇ ਅੰਗਾਂ ਨੂੰ
ਰਿੜਣਾ ਖਲੋਣਾ ਤੇ ਤੁਰਨਾ ਸਿੱਖਾਇਆ
ਚਾਹੁੰਦਾ ਸਾਂ
ਅੰਬੀ ਦੇ ਬੂਟੇ ਨੂੰ ਗਲ੍ਹ ਨਾਲ ਲਾਉਣਾ
ਜਿਸ ਨੂੰ ਝੂਲਦਾ
ਜਵਾਨ ਹੋਇਆ ਸਾਂ
ਬਾਲ ਤੋਂ ਇਨਸਾਨ ਹੋਇਆ ਸਾਂ

-0-

ਨਾ ਉਹ ਪਿੰਡ ਰੁੱਖ ਵਾਗੀ ਨਾ ਡੰਗਰ
ਨਾ ਚਾਚੀ ਰੱਜੋ ਦੀ ਭੱਠੀ
ਨਾ ਤਾਇਆ ਚਾਚਾ ਦਿਓਰ ਭਾਬੀ ਕੋਈ
ਨਾ ਖੂਹੀਆਂ
ਨਾ ਪਾਣੀ ਭਰਦੀਆਂ ਮੁਟਿਆਰਾਂ
ਸੀਮਿੰਟ ਸਰੀਏ ਦਾ ਜੰਗਲ
ਖਾ ਗਿਆ
ਮੇਰਾ ਬਚਪਨ ਮੇਰੇ ਸੁਫ਼ਨੇ
ਮੇਰੇ ਪਿੰਡ ਦੀਆਂ ਨੁਹਾਰਾਂ

-0-

ਮੈਂ ਆਇਆ ਸਾਂ
ਗੁਆਚੀ ਗਿੱਟਕ ਦੀ ਪੀਪਣੀ ਭਾਲਣ
ਛੱਪੜ ਕਿਨਾਰੇ
ਉਸਾਰੇ ਰੇਤ ਦੇ ਘਰ ਦਾ ਨਿੱਘ ਮਾਣਨ
ਜੋ ਮੇਰੀ ਪਿੱਠ ਤੇ ਅੱਜ ਵੀ
ਸੂਰਜ ਵਾਂਗ ਜਗਦੇ ਹਨ

ਮੇਰੀ ਨਜ਼ਰ ਦੇ ਦਿਸਹੱਦਿਆਂ ਤੱਕ
ਚਾਨਣ ਕਰਦੇ ਸਨ
ਅੱਜ ਉਸ ਚਾਨਣ 'ਚ
ਉਨ੍ਹਾਂ ਨੈਣਾਂ ਦੀ ਕਬਰ ਦਾ ਵਾਸ ਹੈ
ਜਿਸ ਕਬਰ 'ਚ
ਮੇਰਾ ਕੱਲ੍ਹ ਅੱਜ ਵੀ ਅਬਾਦ ਹੈ

-0-

ਮੈਂ ਆਇਆ ਸਾਂ
ਆਪਣੇ ਬਿਰਧ ਪਿੰਡ ਦੇ
ਚਰਨ ਪਰਸਨ ਲਈ
ਮਿੱਟੀ ਦਾ ਸੱਚ ਜਾਣਨ ਲਈ
ਆਪਾ ਪਹਿਚਾਣਨ ਲਈ
ਪਰ ਤਿੜਕੇ ਦਰਪਣ 'ਚ
ਜਦ ਆਪਾ ਤੱਕਦਾ ਹਾਂ
ਤਾਂ ਮਿੱਟੀ ਦਾ ਨਹੀਂ
ਸੀਮਿੰਟ ਸਰੀਏ ਸ਼ੀਸ਼ੇ ਤੇ ਪੱਥਰ ਦਾ
ਗਿਰਾਂ ਲੱਗਦਾ ਹਾਂ

-----

## ਸਮਾਂ ਤੇ ਜ਼ਿੰਦਗੀ

ਸਮਾਂ ਆਖ਼ਦਾ ਹੈ
ਜ਼ਿੰਦਗੀ ਤੂੰ ਬੀਤ ਗਈ
ਵਰਤਮਾਨ ਨਾ ਭਵਿੱਖ ਰਹੀ
ਹੋ ਅਤੀਤ ਗਈ

-0-

ਜ਼ਿੰਦਗੀ ਆਖ਼ਦੀ ਹੈ
ਐ ਸਮੇਂ
ਤੂੰ ਮੇਰੇ ਤੋਂ ਬਹੁਤ ਪਿੱਛੇ ਹੈਂ
ਤੂੰ ਚਿਹਰੇ ਚੋਂ
ਜਦ ਦਰਪਣ ਉੱਗਾਏਂਗਾ
ਭਵਿੱਖ 'ਚ ਮੈਨੂੰ
ਭੂਤ 'ਚ ਆਪਣਾ ਆਪ ਪਾਏਂਗਾ

-0-

ਐ ਸਮੇਂ
ਤੂੰ ਆਪਣੀ ਹੋਂਦ ਸੱਚ ਤੋਂ ਅਣਜਾਣ ਸੈਂ
ਤੂੰ ਕੀ ਸੈਂ ਕੌਣ ਸੈਂ ਤੋਂ ਬੇਪਹਿਚਾਣ ਸੈਂ
ਮੈਂ ਤੈਨੂੰ ਨਾਮ ਦਿੱਤਾ ਹੈ
ਤੇਰੀ ਹੋਂਦ ਦਾ ਤੈਨੂੰ ਸੱਚ ਸਮਝਾਇਆ ਹੈ
ਮੇਰੇ ਜਿਸਮ ਚੋਂ
ਤੇਰੇ ਨੈਣ ਨਕਸ਼ ਉੱਗਦੇ ਹਨ
ਤੇਰੀ ਗਤੀ ਦਾ ਸੱਚ
ਮੇਰੇ ਸਦਕਾ ਪ੍ਰਗਟਦਾ ਹੈ

ਮੇਰੇ ਸਦਕਾ
ਐ ਸਮੇਂ ਤੂੰ ਸਮਾਂ ਲੱਗਦਾ ਹੈਂ

-0-

ਤੇਰਾ ਜਨਮ ..
ਮੇਰੇ ਤੋਂ ਪਹਿਲਾਂ ਦਾ ਹੈ
ਤੇਰੀ ਪਹਿਚਾਣ
ਮੇਰੇ ਜਨਮ ਤੋਂ ਪਿਛਲੇਰੀ ਹੈ
ਮੇਰੇ ਤੋਂ ਪਹਿਲਾਂ
ਤੇਰਾ ਸੰਕਲਪ ਸੀ ਤੂੰ ਨਹੀਂ ਸੈਂ
ਨਾ ਪਹਿਚਾਣ ਨਾ ਸਿਆਣ ਸੀ ਤੇਰੀ
ਤੂੰ ਸਮਾਂ ਹੈਂ
ਕਿਸ ਨੂੰ ਪਤਾ ਸੀ
ਤੇਰਾ ਸੱਚ ਤਾਂ ਦੂਰ ਦੀ ਗੱਲ
ਤੇਰੀ ਸ਼ਕਲ ਸੂਰਤ ਦੀ ਵੀ
ਕੋਈ ਖ਼ਬਰ ਨਹੀਂ ਸੀ
ਮੇਰੇ ਜਨਮ ਤੋਂ ਪਿੱਛੋਂ
ਤੇਰਾ ਸਫ਼ਰ ਸ਼ੁਰੂ ਹੋਇਆ ਸੀ
ਤੇਰੇ ਚੋਂ ਗਤੀ ਜਨਮੀਂ ਸੀ
ਤੇਰੇ ਚੋਂ ਪੱਥਰ ਹੋਣ ਦਾ
ਅਹਿਸਾਸ ਮੋਇਆ ਸੀ

-0-

ਸਮੇਂ ਨੇ ਆਖਿਆ
ਜ਼ਿੰਦਗੀ
ਆਪਣੇ ਆਦਿ ਤੋਂ ਬਾਹਰ ਆ
ਆਪਣੇ ਆਪ ਚੋਂ ਪ੍ਰੰਪਰਾ ਨਿਚੋੜ

ਤੂੰ ਆਪਣੇ ਆਪ 'ਚ ਬੀਤਿਆ
ਆਪਣਾ ਅਤੀਤ ਹੈਂ
ਜੋ ਖਾ ਗਈ
ਆਪਣਾ ਭਵਿੱਖ ਤੂੰ ਉਹ ਗੀਤ ਹੈ

-0-

ਮੇਰੀ ਪੈੜ ਨੱਪ
ਭਵਿੱਖ ਦਾ ਸਫ਼ਰ ਕਰ
ਹਵਾ ਤੇ ਕਾਠੀ ਪਾ
ਮੇਰੀ ਗਤੀ ਦਾ ਹਾਣ ਹੋ ਜਾ
ਮੇਰਾ ਸੱਚ ਪਿਛਲੇਰਾ ਹੈ
ਪਰ ਮੇਰ੍ਹਾ ਕਦਮ
ਤੇਰੇ ਤੋਂ ਅਗੇਰਾ ਹੈ
ਤੇਰਿਆਂ ਦਿਸਹੱਦਿਆਂ ਤੱਕ
ਮੇਰਾ ਵਸੇਰਾ ਹੈ
ਤੂੰ ਆਪਣੀ ਦੇਹ ਦੀ
ਪ੍ਰਕਰਮਾਂ ਕਰਦੀ ਕਰਦੀ
ਮੀਲ ਪੱਥਰ ਹੋ ਗਈ
ਆਪਣਾ ਵੇਗ ਖੋਹ ਗਈ

-0-

ਮੇਰੇ 'ਚ ਉਤਰ
ਮੈਨੂੰ ਆਪਣੇ 'ਚ ਉਤਾਰ
ਮੇਰੇ ਚੋਂ ਗੁਜ਼ਰ
ਮੈਨੂੰ ਆਪਣੇ ਚੋਂ ਗੁਜ਼ਾਰ
ਆਪਣਾ ਭਵਿੱਖ ਸਵਾਰ
ਮੇਰਾ ਅਕਾਰ ਬੇਅੰਤ ਹੈ

ਮੇਰਾ ਅੰਤ ਮੇਰਾ ਆਦਿ ਹੈ
ਮੇਰਾ ਆਦਿ·ਮੇਰਾ ਅੰਤ ਹੈ

–0–

ਮੈਂ ਨਿਰੰਤਰ ਸਫ਼ਰ ਦੀ
ਪ੍ਰਕਰਮਾਂ ਕਰਦਾ ਹਾਂ
ਤੈਨੂੰ ਪੂਜਦਾ ਸਿਮਰਦਾ
ਸਫ਼ਰ ਦਾ ਅਰਘਾ
ਤੇਰੇ ਕਦਮਾਂ 'ਚ ਧਰਦਾ ਹਾਂ
ਤੂੰ ਮੈਨੂੰ ਅਰਥ ਦਿੱਤਾ ਹੈ
ਮੇਰਾ ਸੱਚ ਸਮਝਾਇਆ ਹੈ
ਤੇਰਾ ਜਨਮਣਾ ਭਵਿੱਖ ਸੀ ਮੇਰਾ
ਅੱਜ ਤੇਰਾ ਅਤੀਤ
ਮੇਰੇ ਲਈ ਸਰਾਪ ਹੈ
ਤੇਰਾ ਦਰਦ
ਮੇਰੀ ਅੱਖ ਦਾ ਹੈ ਅੱਥਰੂ
ਤੇਰੀ ਦੇਣ
ਮੇਰੇ ਮਸਤਕ ਦਾ ਚਿਰਾਗ ਹੈ

------



ਸੂਰਜ ਦੇ ਸੇਕ 'ਚ ਪਿਘਲੇ
ਚੰਨ ਦੀ ਭਾਲ 'ਚ ਨਿਕਲੇ
ਜ਼ਿੰਦਗੀ ਤੋਂ
ਏਨਾ ਦੂਰ ਨਿਕਲ ਆਏ
ਨਾ ਚੰਨ ਹੀ ਮਿਲਿਆ
ਨਾ ਘਰ ਹੀ ਪਰਤੇ

ਚਰਨ ਸਿੰਘ